ਪੰਨਾ ਨੰ.:06 **ਲੇਖ**
ਪ੍ਰੋ. ਗਿਆਨ ਸਿੰਘ ਘਈ ਦੀ ਪੁਸਤਕ
'ਸ਼ਹੀਦੀ ਰੰਗ' 'ਚ
ਸ਼ਹਾਦਤ ਦੇ ਵੱਖ-ਵੱਖ ਰੰਗ



ਅੰਦਰਲੀ ਖ਼ਬਰ
USA 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ
ਅਣਅਧਿਕਾਰਤ ਸਰੂਪ ਛਾਪਣ ਦੇ
ਮਾਮਲੇ 'ਚ ਜਤਿੰਦਰ ਸਚਦੇਵਾ ਤਲਬ 05

ਅੰਦਰਲੀ ਖ਼ਬਰ
ਵਿਧਾਨ ਸਭਾ ਚੋਣਾਂ ਤੋਂ ਪਹਿਲਾਂ
ਕਾਂਗਰਸ ਨੇ ਸ਼ੁਰੂ ਕੀਤਾ
'ਪੰਜਾਬ ਮੰਗਦਾ ਇਨਸਾਫ਼' ਅਭਿਆਨ 07



ਪੰਨਾ ਨੰ.:12
ਪੰਜਵੀਂ ਓਲੰਪਿਕ ਖੇਡਣ ਦਾ ਦ੍ਰਿੜ
ਨਿਸ਼ਚਾ ਕਰੀ ਬੈਠਾ ਹੈ 4 ਵਾਰ ਦਾ
ਓਲੰਪੀਅਨ ਮਨਪ੍ਰੀਤ ਸਿੰਘ ਮਿੱਠਾਪੁਰ





PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611 | 12 ਨਵੰਬਰ ਤੋਂ 18 ਨਵੰਬਰ, 2026 | Email :- editor@punjabstar.com, Vo. 20. Issue:1263

ਇਟਲੀ ਦੇ 6 ਹਜ਼ਾਰ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ



ਰੋਮ, (ਪੰਜਾਬ ਸਟਾਰ ਬਿਓਰੋ): ਇਟਲੀ ਸਮੇਤ ਪੂਰੇ ਯੂਰਪ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਬੁੱਧਵਾਰ ਨੂੰ ਇਟਲੀ ਦੇ 6 ਹਜ਼ਾਰ ਤੋਂ ਵੱਧ ਸਕੂਲਾਂ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਧਮਕੀ ਵਿੱਚ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਦੀ ਗੱਡੀ ਵਿੱਚ ਵੀ ਬੰਬ ਹੋਣ ਦਾ ਦਾਅਵਾ ਕੀਤਾ ਗਿਆ ਸੀ। 'ਇਟਲੀ ਦੇ ਲੋਕਾਂ ਦਾ ਕਤਲੇਆਮ' ਕਰਨ ਦੀ ਚਿਤਾਵਨੀ ਵਾਲੀਆਂ ਇਨ੍ਹਾਂ ਇਕੋ ਜਿਹੀਆਂ ਈਮੇਲਾਂ ਮਿਲਣ ਤੋਂ ਬਾਅਦ 300 ਤੋਂ ਵੱਧ ਸਕੂਲਾਂ ਨੂੰ ਤੁਰੰਤ ਖਾਲੀ ਕਰਵਾ ਲਿਆ ਗਿਆ। ਇਸ ਧਮਕੀ ਕਾਰਨ ਦੇਸ਼ ਭਰ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹਾਈ ਠੱਪ ਹੋ ਗਈ। ਇਸ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ।

* ਬਾਕੀ ਸਫ਼ਾ 2 'ਤੇ

ਕੈਨੇਡਾ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ 'ਚ ਨਵੇਂ ਪ੍ਰਵਾਸੀਆਂ 'ਤੇ ਸਖ਼ਤੀ



ਓਟਾਵਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਨੇ ਸਾਫ਼ ਸੰਕੇਤ ਦਿੱਤਾ ਹੈ ਕਿ ਉਹ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਢਿੱਲ ਦੇਣ ਦੀ ਕਾਹਲੀ ਵਿੱਚ ਨਹੀਂ ਹੈ। ਇਮੀਗ੍ਰੇਸ਼ਨ ਲੈਵਲਜ਼ ਪਲਾਨ 2027-2029 ਅਨੁਸਾਰ, ਨਵੇਂ ਅਸਥਾਈ ਨਿਵਾਸੀਆਂ (ਟੈਂਪਰੇਰੀ ਰੈਜ਼ੀਡੈਂਟਸ) ਦਾ ਸਾਲਾਨਾ ਦਾਖਲਾ 3.70 ਲੱਖ 'ਤੇ ਸਥਿਰ ਰੱਖਿਆ ਗਿਆ ਹੈ। ਇਸ ਵਿੱਚ 2.20 ਲੱਖ ਵਿਦੇਸ਼ੀ ਮੁਲਾਜ਼ਮ ਅਤੇ 1.50 ਲੱਖ ਅੰਤਰਰਾਸ਼ਟਰੀ

* ਬਾਕੀ ਸਫ਼ਾ 2 'ਤੇ

ਬੁਲਗਾਰੀਆ 'ਚ ਧੁੰਦ ਕਾਰਨ ਆਪਸ 'ਚ ਟਕਰਾਏ 86 ਵਾਹਨ

ਹਾਦਸੇ 'ਚ 12 ਵਿਅਕਤੀਆਂ ਦੀ ਗਈ ਜਾਨ, 46 ਹੋਏ ਜ਼ਖ਼ਮੀ



ਸੋਫੀਆ, (ਪੰਜਾਬ ਸਟਾਰ ਬਿਓਰੋ): ਮੰਗਲਵਾਰ ਨੂੰ ਬੁਲਗਾਰੀਆ 'ਚ ਇੱਕ ਭਿਆਨਕ ਹਾਦਸਾ ਵਾਪਰਿਆ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੂਰਬੀ ਬੁਲਗਾਰੀਆ ਵਿੱਚ ਇੱਕ ਮੋਟਰਵੇਅ 'ਤੇ ਭਾਰੀ ਧੁੰਦ ਕਾਰਨ ਕਈ ਵਾਹਨ ਆਪਸ ਵਿੱਚ ਟਕਰਾ ਗਏ, ਜਿਸ ਵਿੱਚ ਘੱਟੋ-ਘੱਟ 12 ਲੋਕਾਂ ਦੀ ਮੌਤ ਹੋ ਗਈ ਅਤੇ 46 ਹੋਰ ਜ਼ਖ਼ਮੀ ਹੋ ਗਏ। ਸਿਹਤ ਮੰਤਰੀ ਕਾਤਿਆ ਇਵਕੋਵਾ ਨੇ ਕਿਹਾ ਕਿ ਇਹ ਹਾਦਸੇ ਰਾਜਧਾਨੀ ਸੋਫੀਆ ਨੂੰ ਕਾਲੇ ਸਾਗਰ ਬੰਦਰਗਾਹ ਬਰਗਾਸ ਨਾਲ ਜੋੜਨ ਵਾਲੇ ਮੋਟਰਵੇਅ 'ਤੇ ਹੋਏ, ਜਿੱਥੇ ਘੱਟ ਦ੍ਰਿਸ਼ਟੀ ਕਾਰਨ ਦੋ ਵੱਡੇ ਹਾਦਸੇ ਹੋਏ।

* ਬਾਕੀ ਸਫ਼ਾ 2 'ਤੇ

ਜ਼ਮੀਨੀ ਰਾਹਤ ਦੀ ਥਾਂ ਸ਼ਹਿਰ-ਸ਼ਹਿਰ ਪ੍ਰਚਾਰ ਕਰ ਰਹੀ ਕਾਰਨੀ ਸਰਕਾਰ



(ਪੰਜਾਬ ਸਟਾਰ ਬਿਓਰੋ): ਓਟਾਵਾ ਤੋਂ ਫੈਡਰਲ ਬਜਟ 2026 ਦੇ ਐਲਾਨ ਤੋਂ ਬਾਅਦ ਮਾਰਕ ਕਾਰਨੀ ਸਰਕਾਰ ਨੇ ਇਸ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਆਪਣੀ ਪੂਰੀ ਵਾਹ ਲਾ ਦਿੱਤੀ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਕੈਬਨਿਟ ਮੰਤਰੀ ਅਤੇ ਪਾਰਲੀਮੈਂਟਰੀ ਸਕੱਤਰ ਤੱਕ, ਸਾਰੇ ਆਪਣੀਆਂ ਕੁਰਸੀਆਂ ਛੱਡ ਕੇ ਦੇਸ਼ ਭਰ ਦੇ ਸ਼ਹਿਰਾਂ ਵਿੱਚ ਬਜਟ ਦਾ ਪ੍ਰਚਾਰ ਕਰਨ ਨਿਕਲ ਪਏ ਹਨ।

* ਬਾਕੀ ਸਫ਼ਾ 2 'ਤੇ

ਹੁਣ ਕੈਨੇਡਾ 'ਚ ਵਿਦੇਸ਼ੀ ਨਾਗਰਿਕ ਵੀ ਖਰੀਦ ਸਕਣਗੇ ਨਵੇਂ ਘਰ!

ਸਰਕਾਰ ਦੇਣ ਜਾ ਰਹੀ ਹੈ ਨਵੇਂ ਘਰਾਂ ਤੇ ਛੋਟ



ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਦੀ ਫੈਡਰਲ ਸਰਕਾਰ ਨੇ ਵਿਦੇਸ਼ੀ ਨਾਗਰਿਕਾਂ ਵੱਲੋਂ ਰਿਹਾਇਸ਼ੀ ਜਾਇਦਾਦਾਂ ਖਰੀਦਣ ਸਬੰਧੀ ਵੱਡਾ ਐਲਾਨ ਕੀਤਾ ਹੈ। ਬਜਟ 2026 ਵਿੱਚ ਸਰਕਾਰ ਨੇ ਨਵੇਂ ਬਣੇ ਘਰਾਂ ਅਤੇ ਕੰਡੋਮੀਨੀਅਮਾਂ ਨੂੰ ਵਿਦੇਸ਼ੀ ਖਰੀਦਦਾਰਾਂ ਲਈ ਖੋਲ੍ਹਣ ਦੀ ਤਜਵੀਜ਼ ਪੇਸ਼ ਕੀਤੀ ਹੈ।

* ਬਾਕੀ ਸਫ਼ਾ 2 'ਤੇ

ਕੈਨੇਡਾ ਸਰਕਾਰ ਵੱਲੋਂ ਟੈਂਪਰੇਰੀ ਵਿਦੇਸ਼ੀ ਕਾਮਿਆਂ ਦੇ ਨਿਯਮਾਂ 'ਚ ਵੱਡਾ ਬਦਲਾਅ

ਇੱਕ ਸਾਲ ਦੀ ਬਜਾਏ ਹੁਣ ਦੋ ਸਾਲ ਤੱਕ ਰੱਖ ਸਕਣਗੇ ਵਿਦੇਸ਼ੀ ਕਾਮੇ, ਕੰਪਨੀਆਂ ਨੂੰ 15 ਫ਼ੀਸਦੀ ਤੱਕ ਕਾਮੇ ਰੱਖਣ ਦੀ ਮਿਲ ਸਕਦੀ ਹੈ ਛੋਟ



ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਦੀ ਫੈਡਰਲ ਸਰਕਾਰ ਨੇ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ (TFWP) ਵਿੱਚ ਕਈ ਅਹਿਮ ਤਬਦੀਲੀਆਂ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਤਬਦੀਲੀਆਂ ਤਹਿਤ ਹੁਣ ਰੁਜ਼ਗਾਰਦਾਤਾ ਕੁਝ ਸ਼੍ਰੇਣੀਆਂ ਦੇ ਵਿਦੇਸ਼ੀ ਕਾਮਿਆਂ ਨੂੰ ਇੱਕ ਸਾਲ ਦੀ ਬਜਾਏ ਦੋ ਸਾਲ ਤੱਕ ਨੌਕਰੀ 'ਤੇ ਰੱਖ ਸਕਣਗੇ।

ਸਰਕਾਰ ਵੱਲੋਂ ਪੇਸ਼ ਕੀਤੇ ਪ੍ਰਸਤਾਵ ਅਨੁਸਾਰ ਸੂਬਿਆਂ ਅਤੇ ਟੈਰੀਟਰੀਜ਼ ਨੂੰ ਇਹ ਅਧਿਕਾਰ ਵੀ ਦਿੱਤਾ ਜਾ ਸਕਦਾ ਹੈ ਕਿ ਉਹ ਆਪਣੇ ਖੇਤਰ ਵਿੱਚ ਘੱਟ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਦੀ ਹੱਦ 10 ਫ਼ੀਸਦੀ ਤੋਂ ਵਧਾ ਕੇ 15 ਫ਼ੀਸਦੀ ਕਰਨ ਦੀ ਇਜਾਜ਼ਤ ਦੇ ਸਕਣ। ਇਹ ਤਬਦੀਲੀ 1 ਮਾਰਚ 2027 ਤੋਂ ਲਾਗੂ ਕਰਨ ਦੀ ਤਜਵੀਜ਼ ਹੈ, ਪਰ ਇਸ ਲਈ ਸਬੰਧਤ ਸੂਬੇ ਜਾਂ ਟੈਰੀਟਰੀ ਦੀ ਸਹਿਮਤੀ ਜ਼ਰੂਰੀ ਹੋਵੇਗੀ।

6 ਫ਼ੀਸਦੀ ਤੋਂ ਵੱਧ ਬੇਰੁਜ਼ਗਾਰੀ ਵਾਲੇ ਸ਼ਹਿਰਾਂ ਵਿੱਚ ਪਾਬੰਦੀਆਂ ਜਾਰੀ

ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਬੇਰੁਜ਼ਗਾਰੀ ਦੀ ਦਰ 6 ਫ਼ੀਸਦੀ ਤੋਂ ਵੱਧ ਹੈ, ਉੱਥੇ ਘੱਟ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਦੀ ਭਰਤੀ ਸਬੰਧੀ ਪਾਬੰਦੀਆਂ ਜਾਰੀ ਰਹਿਣਗੀਆਂ।

ਹਾਲਾਂਕਿ ਅਰਲੀ ਚਾਈਲਡਹੁੱਡ ਐਜੂਕੇਟਰਜ਼ (Early Childhood Educators) ਨੂੰ ਹੁਣ ਉਨ੍ਹਾਂ ਨੌਕਰੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਮਿਲ ਸਕਦੀ ਹੈ।

ਇਮੀਗ੍ਰੇਸ਼ਨ ਮੰਤਰੀ ਨੇ ਕੀ ਕਿਹਾ?

ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਨੌਕਰੀਆਂ ਕੈਨੇਡੀਅਨ ਨਾਗਰਿਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ, ਪਰ ਦੇਸ਼ ਦੇ ਕੁਝ ਖੇਤਰਾਂ ਵਿੱਚ ਲੋੜੀਂਦੇ ਕੈਨੇਡੀਅਨ ਕਾਮੇ ਉਪਲਬਧ ਨਹੀਂ ਹਨ। ਇਸ ਲਈ ਕਾਰੋਬਾਰਾਂ ਨੂੰ ਮਜ਼ਦੂਰਾਂ ਦੀ ਘਾਟ ਪੂਰੀ ਕਰਨ ਵਿੱਚ ਮਦਦ ਦੇਣੀ ਜ਼ਰੂਰੀ ਹੈ।

ਪੀਅਰੇ ਪੋਇਲੀਵਰ ਨੇ ਕੀਤਾ ਵਿਰੋਧ

ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰੇ ਪੋਇਲੀਵਰ ਨੇ ਇਸ ਪ੍ਰੋਗਰਾਮ ਬਾਰੇ ਵੱਖਰਾ ਰੁਖ ਅਪਣਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਦਰ 5.5 ਫ਼ੀਸਦੀ ਤੋਂ ਵੱਧ ਹੈ, ਉੱਥੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

* ਬਾਕੀ ਸਫ਼ਾ 2 'ਤੇ

ਡੇਰਾ ਬੱਲਾਂ 'ਚ ਵੱਡਾ ਵਿਵਾਦ! ਸੰਤ ਨਿਰੰਜਨ ਦਾਸ ਜੀ ਨੂੰ ਬੰਧਕ ਬਣਾਉਣ ਦੇ ਇਲਜ਼ਾਮ, ਡੇਰਾ ਬੱਲਾਂ ਪਹੁੰਚਿਆ ਹਾਈਕੋਰਟ!



ਜਲੰਧਰ, (ਪੰਜਾਬ ਸਟਾਰ ਬਿਓਰੋ): ਜਲੰਧਰ ਦੇ ਪ੍ਰਸਿੱਧ ਡੇਰਾ ਸੱਚਖੰਡ ਬੱਲਾਂ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਡੇਰੇ ਦੇ ਮੁਖੀ ਸੰਤ ਨਿਰੰਜਨ ਦਾਸ ਜੀ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। 85 ਸਾਲਾ ਸੰਤ ਨਿਰੰਜਨ ਦਾਸ ਜੀ ਨੂੰ ਡੇਰੇ ਅੰਦਰ ਹੀ ਨਜ਼ਰਬੰਦ ਰੱਖਣ ਦੇ ਗੰਭੀਰ ਇਲਜ਼ਾਮ ਲੱਗੇ ਹਨ। ਇੰਨਾ ਹੀ ਨਹੀਂ, ਡੇਰੇ ਦੇ ਪ੍ਰਬੰਧਾਂ, ਫੰਡਾਂ ਦੀ ਵਰਤੋਂ ਅਤੇ ਸੇਵਾਦਾਰਾਂ ਦੀ ਭੂਮਿਕਾ ਨੂੰ ਲੈ ਕੇ ਵੀ ਕਈ ਸਵਾਲ ਉੱਠ ਰਹੇ ਹਨ। ਦਰਅਸਲ, ਡੇਰਾ ਸੱਚਖੰਡ ਬੱਲਾਂ ਦੇ ਕੁਝ ਸ਼ਰਧਾਲੂਆਂ ਅਤੇ ਵਕੀਲਾਂ ਵੱਲੋਂ ਦੋ ਵਿਅਕਤੀਆਂ 'ਤੇ ਗੰਭੀਰ ਇਲਜ਼ਾਮ ਲਗਾਏ ਗਏ ਹਨ। ਇਲਜ਼ਾਮਾਂ ਮੁਤਾਬਕ, ਸਾਬਕਾ ਗੰਨਮੈਨ ਹਰਦੇਵ ਸਿੰਘ ਅਤੇ ਬੱਬੂ ਨਾਮਕ ਵਿਅਕਤੀ ਡੇਰੇ ਦੇ ਪ੍ਰਬੰਧਾਂ 'ਤੇ ਆਪਣਾ ਪ੍ਰਭਾਵ ਬਣਾ ਕੇ ਬੈਠੇ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਸੰਤ ਨਿਰੰਜਨ ਦਾਸ ਜੀ ਦੇ ਆਲੇ-ਦੁਆਲੇ ਅਜਿਹਾ ਘੇਰਾ ਬਣਾਇਆ ਗਿਆ ਹੈ ਕਿ ਆਮ ਸੰਗਤ ਲਈ ਉਨ੍ਹਾਂ ਨੂੰ ਮਿਲਣਾ ਵੀ ਮੁਸ਼ਕਲ ਹੋ ਗਿਆ ਹੈ। ਸ਼ਰਧਾਲੂਆਂ ਵੱਲੋਂ ਸੰਤ ਨਿਰੰਜਨ ਦਾਸ ਜੀ ਦੀ ਸਿਹਤ ਅਤੇ ਸੁਰੱਖਿਆ ਨੂੰ ਲੈ ਕੇ ਵੀ ਚਿੰਤਾ ਪ੍ਰਗਟਾਈ ਗਈ ਹੈ।

ਵਕੀਲ ਐਲ.ਐਮ. ਗੁਲਾਟੀ ਅਤੇ ਸੋਨੀਆ ਤੰਵਰ ਦਾ ਕਹਿਣਾ ਹੈ ਕਿ ਮਹਾਰਾਜ ਜੀ ਦੀ ਉਮਰ 85 ਸਾਲ ਤੋਂ ਵੱਧ ਹੈ। ਉਹ ਫ਼ੋਨ ਦੀ ਵਰਤੋਂ ਨਹੀਂ ਕਰਦੇ ਅਤੇ ਸੁਣਨ ਵਿੱਚ

* ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਭਾਰਤੀ ਮੂਲ ਦਾ ਟਰੱਕ ਡਰਾਈਵਰ ਨੂੰ 40 ਕਿਲੋ ਕੋਕੀਨ ਤਸਕਰੀ ਦੇ ਮਾਮਲੇ 'ਚ ਦੋਸ਼ੀ ਕਰਾਰ



(ਪੰਜਾਬ ਸਟਾਰ ਬਿਓਰੋ): ਓਨਟਾਰੀਓ ਦੀ ਇੱਕ ਅਦਾਲਤ ਨੇ 33 ਸਾਲਾ ਭਾਰਤੀ ਮੂਲ ਦੇ ਸਿੱਖ ਟਰੱਕ ਡਰਾਈਵਰ ਨੂੰ ਅਪਰੈਲ 2024 ਵਿੱਚ ਬਲੂ ਵਾਟਰ ਬ੍ਰਿਜ ਰਾਹੀਂ ਕੈਨੇਡਾ ਵਿੱਚ ਲਗਪਗ 4.8 ਮਿਲੀਅਨ ਡਾਲਰ ਦੀ ਕੀਮਤ ਦੀ ਲਗਪਗ 40 ਕਿਲੋ ਕੋਕੀਨ ਦਰਾਮਦ ਕਰਨ ਦੇ ਦੋਸ਼ ਵਿੱਚ ਦੋਸ਼ੀ ਕਰਾਰ ਦਿੱਤਾ ਹੈ।

ਰਣਜੀਤ ਸਿੰਘ ਨੂੰ ਓਨਟਾਰੀਓ ਸੁਪੀਰਿਅਰ ਕੋਰਟ ਦੇ ਜਸਟਿਸ ਸਕੌਟ ਪ੍ਰੈਟ ਵੱਲੋਂ ਸੋਮਵਾਰ ਨੂੰ ਨਸ਼ੀਲੇ ਪਦਾਰਥਾਂ ਦੀ ਦਰਾਮਦ ਕਰਨ ਅਤੇ ਤਸਕਰੀ ਦੇ ਉਦੇਸ਼ ਨਾਲ ਆਪਣੇ ਕੋਲ ਰੱਖਣ ਦੇ ਦੋਸ਼ਾਂ ਤਹਿਤ ਦੋਸ਼ੀ ਪਾਇਆ ਗਿਆ। ਜੱਜ ਨੇ ਜੂਨ ਵਿੱਚ ਸਾਰਨੀਆ ਵਿਖੇ ਤਿੰਨ ਹਫ਼ਤੇ ਚੱਲੇ ਮੁਕੱਦਮੇ ਤੋਂ ਬਾਅਦ ਆਪਣਾ ਫ਼ੈਸਲਾ ਸੁਣਾਇਆ ਹੈ।

ਰਣਜੀਤ ਸਿੰਘ ਨੇ ਦੋਵਾਂ ਦੋਸ਼ਾਂ ਤੋਂ ਬੇਕਸੂਰ ਹੋਣ ਦੀ ਪਟੀਸ਼ਨ ਦਾਇਰ ਕੀਤੀ ਸੀ। ਇਹ ਮਾਮਲਾ 26 ਅਪਰੈਲ 2024 ਨੂੰ ਬਲੂ

* ਬਾਕੀ ਸਫ਼ਾ 2 'ਤੇ

ਕੈਨੇਡਾ ਭਰ 'ਚ ਰਿਮੈਂਬਰੈਂਸ ਡੇਅ ਮੌਕੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀਆਂ



(ਪੰਜਾਬ ਸਟਾਰ ਬਿਓਰੋ): ਕੈਨੇਡਾ ਭਰ ਵਿੱਚ ਅੱਜ ਰਿਮੈਂਬਰੈਂਸ ਡੇਅ ਬੇਹੱਦ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਦੇਸ਼ ਦੀ ਆਜ਼ਾਦੀ, ਸ਼ਾਂਤੀ ਅਤੇ ਲੋਕਤੰਤਰ ਦੀ ਰੱਖਿਆ ਲਈ ਵੱਖ-ਵੱਖ ਜੰਗਾਂ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸੈਨਿਕਾਂ ਨੂੰ ਯਾਦ ਕਰਨ ਲਈ ਹਜ਼ਾਰਾਂ ਲੋਕਾਂ ਨੇ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਫ਼ੌਜੀਆਂ,

* ਬਾਕੀ ਸਫ਼ਾ 2 'ਤੇ



ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131
Jasbir Singh Hundal
Registered Credit Counsellor
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
• Auto Accident
• Pedestrian Hit Accident
• Slip & Fall
• Bicycle Accident
• Family Member Claims
• Short & Long-Term Disability
• CPP Disability
• Wrongful Death & Fata accidents



FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representat ve
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090
Vik Mehmi
Broker
416-500-6262

ਪੇਜ ਇੱਕ ਦੀ ਬਾਕੀ

ਇਟਲੀ ਦੇ 6 ਹਜ਼ਾਰ...

ਰੋਮ ਤੋਂ ਲੈ ਕੇ ਉੱਤਰ ਵਿੱਚ ਫ੍ਰਿਉਲੀ ਅਤੇ ਦੱਖਣ ਵਿੱਚ ਬਾਸਿਲਿਕਾਟਾ ਤੱਕ ਹਰ ਪਾਸੇ ਦਹਿਸ਼ਤ ਦਾ ਮਾਹੌਲ ਬਣ ਗਿਆ। ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਅਤੇ ਸਕੂਲਾਂ ਦੇ ਪੂਰੇ ਕੈਂਪਸ ਦੀ ਜਾਂਚ ਕੀਤੀ। ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦੱਸਿਆ ਗਿਆ ਕਿ ਇਹ ਧਮਕੀ ਭਰੀ ਈਮੇਲ ਖ਼ੁਦ ਨੂੰ 'ਵਿਲਾਇਤ ਆਫ਼ ਮਿਸੋਗਿਨਿਸਤਾਨ' ਦਾ ਆਗੂ ਮਿਖਾਈਲ ਅੰਦ੍ਰੋਪੋਸ ਦੱਸਣ ਵਾਲੇ ਵਿਅਕਤੀ ਵੱਲੋਂ ਭੇਜੀ ਗਈ ਸੀ। ਈਮੇਲ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਕੂਲ ਦੀ ਇਮਾਰਤ ਦੇ ਅੰਦਰ ਰਿਮੋਟ ਡੈਟੋਨੇਟਰ ਨਾਲ ਲੈਸ ਇੱਕ ਸ਼ਕਤੀਸ਼ਾਲੀ ਵਿਸਫੋਟਕ ਯੰਤਰ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਇੱਕ ਵੱਡੇ ਹਮਲੇ ਰਾਹੀਂ ਇਟਲੀ ਦੇ ਲੋਕਾਂ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ। ਇੰਨਾ ਹੀ ਨਹੀਂ, ਸੁਨੇਹੇ ਵਿੱਚ ਇਹ ਖ਼ੌਫ਼ਨਾਕ ਦਾਅਵਾ ਵੀ ਕੀਤਾ ਗਿਆ ਸੀ ਕਿ ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਦੀ ਗੱਡੀ ਦੇ ਇੰਜਣ ਵਿੱਚ ਵੀ ਬੰਬ ਲਗਾਇਆ ਗਿਆ ਹੈ। ਇਟਲੀ ਦੇ ਸਿੱਖਿਆ ਮੰਤਰੀ ਜੁਸੇਪੇ ਵਾਲਦਿਤਾਰਾ ਨੇ ਇੱਕ ਟੀਵੀ ਚੈਨਲ ਨੂੰ ਦੱਸਿਆ ਕਿ ਘੱਟੋ-ਘੱਟ 300 ਸਕੂਲਾਂ ਤੋਂ ਅਲਰਟ ਮਿਲਿਆ ਹੈ ਅਤੇ ਇਹ ਗਿਣਤੀ ਹੋਰ ਵਧ ਸਕਦੀ ਹੈ। ਰੋਮ ਦੇ ਇੱਕ ਹਾਈ ਸਕੂਲ ਵਿੱਚ ਤਾਂ ਵਿਦਿਆਰਥੀ ਸਕੂਲ ਖਾਲੀ ਕਰਵਾਉਣ ਵਾਲੇ ਅਲਾਰਮ ਨੂੰ ਛੁੱਟੀ ਦੀ ਘੰਟੀ ਸਮਝ ਬੈਠੇ। ਬਾਹਰ ਆਉਣ ਤੋਂ ਬਾਅਦ ਉਨ੍ਹਾਂ ਨੂੰ ਇਸ ਧਮਕੀ ਬਾਰੇ ਪਤਾ ਲੱਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 2 ਨਵੰਬਰ ਨੂੰ ਵੀ ਇਟਲੀ ਦੇ 270 ਤੋਂ ਵੱਧ ਸਕੂਲਾਂ ਨੂੰ ਇਸੇ ਤਰ੍ਹਾਂ ਦੀਆਂ ਧਮਕੀ ਭਰੀਆਂ ਈਮੇਲਾਂ ਮਿਲੀਆਂ ਸਨ, ਜੋ ਬਾਅਦ ਵਿੱਚ ਫਰਜ਼ੀ ਸਾਬਤ ਹੋਈਆਂ ਸਨ।

ਬੁਲਗਾਰੀਆ 'ਚ ਧੁੰਦ...

ਪੁਲਿਸ, ਫਾਇਰਫਾਈਟਰਜ਼ ਅਤੇ ਐਂਬੂਲੈਂਸ ਦੇ ਕਰਮਚਾਰੀ ਆਈ ਰੋਡ 'ਤੇ ਘਟਨਾ ਸਥਾਨ 'ਤੇ ਪਹੁੰਚ ਗਏ, ਜੋ ਰਾਜਧਾਨੀ ਸੋਫੀਆ ਨੂੰ ਪੂਰਬੀ ਸ਼ਹਿਰ ਬਰਗਾਸ ਨਾਲ ਜੋੜਦਾ ਹੈ। ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਕਈ ਵੀਡੀਓਜ਼ ਵਿੱਚ ਹਾਈਵੇਅ ਦੀਆਂ ਛੇ ਲੇਨਾਂ 'ਤੇ ਕਾਰਾਂ ਅਤੇ ਟਰੱਕਾਂ ਦੇ ਢੇਰ ਲੱਗੇ ਹੋਏ ਦਿਖਾਈ ਦਿੱਤੇ, ਜਿਸ ਵਿੱਚ ਬਹੁਤ ਸਾਰੇ ਵਾਹਨ ਬੁਰੀ ਤਰ੍ਹਾਂ ਕੁਚਲੇ ਗਏ, ਪਲਟ ਗਏ ਜਾਂ ਸੜਕ ਦੇ ਕਿਨਾਰੇ ਸੁੱਟ ਦਿੱਤੇ ਗਏ।

ਕੈਨੇਡਾ ਦੀ ਨਵੀਂ...

ਵਿਦਿਆਰਥੀ ਸ਼ਾਮਲ ਹਨ। ਇਸ ਦੇ ਨਾਲ ਹੀ ਸਥਾਈ ਨਿਵਾਸ (ਪੀ.ਆਰ.) ਦਾ ਸਾਲਾਨਾ ਟੀਚਾ ਵੀ 3.80 ਲੱਖ 'ਤੇ ਬਰਕਰਾਰ ਰੱਖਿਆ ਗਿਆ ਹੈ।

ਬਜਟ 2026 ਦੇ ਤਹਿਤ ਐਲਾਨੀ ਗਈ ਇਸ ਨੀਤੀ ਦਾ ਮੁੱਖ ਮਕਸਦ 2027 ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਵਿੱਚ ਅਸਥਾਈ ਨਿਵਾਸੀਆਂ ਦੀ ਹਿੱਸੇਦਾਰੀ ਨੂੰ ਘਟਾ ਕੇ 5% ਤੋਂ ਹੇਠਾਂ ਲਿਆਉਣਾ ਹੈ। ਇਸ ਤੋਂ ਇਲਾਵਾ, ਸਥਾਈ ਨਿਵਾਸੀਆਂ ਦੇ ਦਾਖਲੇ ਨੂੰ ਕੁੱਲ ਆਬਾਦੀ ਦੇ 1% ਤੋਂ ਘੱਟ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ ਤਾਂ ਜੋ ਦੇਸ਼ 'ਚ ਰਿਹਾਇਸ਼, ਸਿਹਤ ਅਤੇ ਬੁਨਿਆਦੀ ਸਹੂਲਤਾਂ 'ਤੇ ਪੈ ਰਹੇ ਦਬਾਅ ਨੂੰ ਘੱਟ ਕੀਤਾ ਜਾ ਸਕੇ।

ਕੈਨੇਡਾ 'ਚ ਪਹਿਲਾਂ ਤੋਂ ਮੌਜੂਦ ਲੋਕਾਂ ਲਈ 2 ਲੱਖ PR ਦੀ ਵਿਵਸਥਾ

ਇਸ ਐਲਾਨ ਦੀ ਸਭ ਤੋਂ ਵੱਡੀ ਗੱਲ 2027 ਵਿੱਚ ਲਾਗੂ ਹੋਣ ਵਾਲਾ ਇੱਕ ਵਿਸ਼ੇਸ਼ ਸਮਾਂਬੱਧ ਮੌਕਾ ਹੈ। ਇਸ ਦੇ ਤਹਿਤ ਕੈਨੇਡਾ ਵਿੱਚ ਪਹਿਲਾਂ ਤੋਂ ਰਹਿ ਰਹੇ 2 ਲੱਖ ਲੋਕਾਂ ਨੂੰ ਸਥਾਈ ਨਿਵਾਸੀ ਬਣਨ ਦਾ ਰਸਤਾ ਦਿੱਤਾ ਜਾਵੇਗਾ। ਇਸ ਨੂੰ ਦੋ ਮੁੱਖ ਹਿੱਸਿਆਂ ਵਿੱਚ ਵੰਡਿਆ ਗਿਆ ਹੈ।100,000 ਸੀਟਾਂ ਦੀ ਪਹਿਲੀ ਕਿਸ਼ਤ ਉਨ੍ਹਾਂ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਹੋਵੇਗੀ ਜੋ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (PNP) ਜਾਂ ਚੋਣਵੇਂ ਸੰਘੀ ਪ੍ਰੋਗਰਾਮਾਂ ਲਈ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਬਾਕੀ 100,000 ਸੀਟਾਂ ਮਾਨਵਤਾਵਾਦੀ ਉਦੇਸ਼ਾਂ, ਹਾਂਗਕਾਂਗ ਅਤੇ ਯੂਕਰੇਨ ਲਈ ਵਿਸ਼ੇਸ਼ ਰੂਟਾਂ, ਅਤੇ ਕੈਨੇਡੀਅਨ ਨਾਗਰਿਕਾਂ ਦੇ ਜੀਵਨ ਸਾਥੀ ਅਤੇ ਬੱਚਿਆਂ ਲਈ ਪਰਿਵਾਰਕ ਪੁਨਰ-ਏਕੀਕਰਨ ਲਈ ਰਾਖਵੀਆਂ ਹਨ।

ਵਿਦੇਸ਼ੀ ਕਾਮਿਆਂ ਲਈ ਕਰੜਾ ਮੁਕਾਬਲਾ

ਸਾਲਾਨਾ 2.20 ਲੱਖ ਨਵੇਂ ਵਿਦੇਸ਼ੀ ਮੁਲਾਜ਼ਮਾਂ ਵਿੱਚੋਂ 1.70 ਲੱਖ ਇੰਟਰਨੈਸ਼ਨਲ ਮੋਬਿਲਿਟੀ ਪ੍ਰੋਗਰਾਮ (IMP) ਦੇ ਤਹਿਤ ਆਉਣਗੇ, ਜਿਨ੍ਹਾਂ ਨੂੰ LMIA ਦੀ ਛੋਟ ਹੁੰਦੀ ਹੈ। ਉੱਥੇ ਹੀ ਸਿਰਫ਼ 50,000 ਮੁਲਾਜ਼ਮ ਹੀ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਰਾਹੀਂ ਆਉਣਗੇ, ਜਿਨ੍ਹਾਂ ਲਈ LMIA ਲਾਜ਼ਮੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਦੇ ਅੰਦਰ ਮੌਜੂਦ ਅਸਥਾਈ ਮੁਲਾਜ਼ਮਾਂ ਵਿਚਕਾਰ ਪੀ.ਆਰ. ਹਾਸਲ ਕਰਨ ਦਾ ਮੁਕਾਬਲਾ ਕਾਫ਼ੀ ਵੱਧ ਜਾਵੇਗਾ। ਅਨੁਮਾਨ ਮੁਤਾਬਕ, ਮੌਜੂਦਾ ਅਸਥਾਈ ਕਾਮਿਆਂ ਵਿੱਚੋਂ ਸਿਰਫ਼ 20 ਤੋਂ 25 ਫ਼ੀਸਦੀ ਲੋਕ ਹੀ ਆਪਣੇ ਪਰਮਿਟ ਖ਼ਤਮ ਹੋਣ ਤੋਂ ਪਹਿਲਾਂ ਪੀ.ਆਰ. ਪ੍ਰਾਪਤ ਕਰ ਸਕਣਗੇ। ਅਜਿਹੇ ਵਿੱਚ ਹੈਲਥਕੇਅਰ, ਸਕਿਲਡ ਟ੍ਰੇਡਜ਼ ਅਤੇ ਜ਼ਿਆਦਾ ਤਨਖਾਹ ਵਾਲੇ ਕਿੱਤਿਆਂ ਨਾਲ ਜੁੜੇ ਲੋਕਾਂ ਨੂੰ ਹੀ ਪਹਿਲ ਮਿਲੇਗੀ।

ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੀਮਤ ਮੌਕੇ

ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਾਲਾਨਾ ਦਾਖਲਾ ਸੀਮਾ 1.50 ਲੱਖ 'ਤੇ ਸੀਮਤ ਰੱਖੀ ਗਈ ਹੈ। ਇਸ ਤੋਂ ਸਾਫ਼ ਹੈ ਕਿ ਕੈਨੇਡਾ ਹੁਣ ਪਹਿਲਾਂ ਵਾਂਗ ਭਾਰੀ ਗਿਣਤੀ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਬੁਲਾਉਣ ਦੇ ਪੱਖ ਵਿੱਚ ਨਹੀਂ ਹੈ। ਮਾਹਿਰਾਂ ਅਨੁਸਾਰ, ਕੈਨੇਡਾ ਵਿੱਚ ਸਿਰਫ਼ ਪੜ੍ਹਾਈ ਕਰਨ ਨਾਲ ਪੀ.ਆਰ. ਮਿਲਣ ਦਾ ਰਸਤਾ ਪੱਕਾ ਨਹੀਂ ਹੋਵੇਗਾ। ਵਿਦਿਆਰਥੀਆਂ ਨੂੰ ਹੁਣ ਅਜਿਹੇ ਖੇਤਰਾਂ ਅਤੇ ਡਿਗਰੀਆਂ 'ਤੇ ਧਿਆਨ ਦੇਣਾ ਪਵੇਗਾ ਜੋ ਕੈਨੇਡਾ ਦੀ ਆਰਥਿਕਤਾ ਅਤੇ ਲੇਬਰ ਮਾਰਕੀਟ ਦੀਆਂ ਪ੍ਰਾਥਮਿਕਤਾਵਾਂ ਨਾਲ ਸਿੱਧੇ ਮੇਲ ਖਾਂਦੇ ਹੋਣ।

ਪ੍ਰਾਂਤੀ ਕੋਟਾ ਅਤੇ ਫ੍ਰੈਂਚ ਭਾਸ਼ਾ ਨੂੰ ਉਤਸ਼ਾਹ

ਸਾਲਾਨਾ 3.80 ਲੱਖ ਪੀ.ਆਰ. ਵਿੱਚੋਂ 64 ਪ੍ਰਤੀਸ਼ਤ ਯਾਨੀ ਲਗਭਗ 2.4 ਲੱਖ ਸੀਟਾਂ ਆਰਥਿਕ ਸ਼੍ਰੇਣੀ ਲਈ ਰਾਖਵੀਆਂ ਹਨ। ਇਸ ਵਿੱਚ ਸੂਬਿਆਂ ਦੀ ਭੂਮਿਕਾ ਮਜ਼ਬੂਤ ਕਰਨ ਲਈ ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ (PNP) ਦਾ ਕੋਟਾ ਵਧਾ ਕੇ 95,000 ਕਰ ਦਿੱਤਾ ਗਿਆ ਹੈ, ਜਦੋਂ ਕਿ ਫੈਡਰਲ ਹਾਈ-ਸਕਿਲਡ ਸ਼੍ਰੇਣੀ ਵਿੱਚ 1 ਲੱਖ ਸੀਟਾਂ ਰੱਖੀਆਂ ਗਈਆਂ ਹਨ। ਇਸ ਦੇ ਨਾਲ ਹੀ, ਕਿਊਬੈਕ ਤੋਂ ਬਾਹਰ ਫ੍ਰੈਂਚ ਬੋਲਣ ਵਾਲੇ ਸਥਾਈ ਨਿਵਾਸੀਆਂ ਦਾ ਅਨੁਪਾਤ 2027 ਦੇ 9.5% ਤੋਂ ਵਧਾ ਕੇ 2029 ਤੱਕ 12% ਕਰਨ ਦਾ ਟੀਚਾ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਫ੍ਰੈਂਚ ਭਾਸ਼ਾ ਦਾ ਚੰਗਾ ਗਿਆਨ ਰੱਖਣ ਵਾਲੇ ਬਿਨੈਕਾਰਾਂ ਨੂੰ ਚੋਣ ਵਿੱਚ ਵੱਡਾ ਲਾਭ ਮਿਲੇਗਾ।

ਭਾਰਤੀ ਬਿਨੈਕਾਰਾਂ ਲਈ ਮੁੱਖ ਗੱਲਾਂ

ਇਹ ਪੂਰੀ ਨੀਤੀ ਦਰਸਾਉਂਦੀ ਹੈ ਕਿ ਕੈਨੇਡਾ ਹੁਣ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਬੁਲਾਉਣ ਦੀ ਬਜਾਏ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ ਹੁਨਰਮੰਦ ਪ੍ਰਤਿਭਾ ਨੂੰ ਰੋਕਣ 'ਤੇ ਜ਼ੋਰ ਦੇ ਰਿਹਾ ਹੈ। ਭਾਰਤੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਿੱਧੀ ਸਲਾਹ ਇਹੋ ਹੈ ਕਿ ਉਹ ਕੇਵਲ ਦਾਖਲੇ 'ਤੇ ਨਿਰਭਰ ਨਾ ਰਹਿਣ। ਸਥਾਈ ਨਿਵਾਸ ਲਈ ਸਥਾਨਕ ਕੰਮ ਦਾ ਤਜਰਬਾ, ਸੂਬਿਆਂ ਦੀ ਲੋੜ ਮੁਤਾਬਕ ਹੁਨਰ ਅਤੇ ਫ੍ਰੈਂਚ ਭਾਸ਼ਾ ਸਿੱਖਣ ਵਰਗੇ ਆਪਸ਼ਨਾਂ ਨੂੰ ਆਪਣੀ ਰਣਨੀਤੀ ਵਿੱਚ ਸ਼ਾਮਲ ਕਰਨਾ ਹੁਣ ਲਾਜ਼ਮੀ ਹੋ ਚੁੱਕਾ ਹੈ।

ਜ਼ਮੀਨੀ ਰਾਹਤ ਦੀ...

ਹਾਊਸ ਆਫ਼ ਕਾਮਨਜ਼ ਵਿੱਚ 'ਰੈਮੇਂਬਰੈਂਸ ਵੀਕ' (Remembrance Week) ਦੀ ਛੁੱਟੀ ਦਾ ਫ਼ਾਇਦਾ ਉਠਾਉਂਦਿਆਂ ਸਰਕਾਰ ਨੇ ਇਸ ਸਮੇਂ ਨੂੰ ਸਿਆਸੀ ਪ੍ਰਚਾਰ ਲਈ ਵਰਤਣਾ ਮੁਨਾਸਿਬ ਸਮਝਿਆ ਹੈ। ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਵੱਲੋਂ 5 ਨਵੰਬਰ ਨੂੰ 'ਮਾਸਟਰਜ਼ ਆਫ਼ ਅਵਰ ਡੈਸਟੀਨੀ' (Masters of Our Destiny) ਨਾਂ ਹੇਠ ਪੇਸ਼ ਕੀਤਾ ਗਿਆ ਇਹ ਬਜਟ 6 ਸਾਲਾਂ ਵਿੱਚ 400 ਅਰਬ ਡਾਲਰ ਦੇ ਪੂੰਜੀ ਨਿਵੇਸ਼ ਅਤੇ ਮਹਿੰਗਾਈ ਤੋਂ ਰਾਹਤ ਲਈ 22 ਅਰਬ ਡਾਲਰ ਦੀਆਂ ਯੋਜਨਾਵਾਂ ਦਾ ਦਾਅਵਾ ਕਰਦਾ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਆਪ ਵਿਨੀਪੈਗ ਪਹੁੰਚ ਕੇ ਬੇਘਰਿਆਂ ਲਈ 17.8 ਅਰਬ ਡਾਲਰ ਦੇ 10-ਸਾਲਾ ਖ਼ਾਕੇ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ, ਜਦੋਂ ਕਿ ਬਾਕੀ ਮੰਤਰੀ ਨਿਊਫਾਊਂਡਲੈਂਡ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ, ਟੋਰਾਂਟੋ, ਮਾਂਟਰੀਅਲ, ਕਿਊਬਿਕ ਸਿਟੀ ਅਤੇ ਇਕਾਲੂਇਟ ਤੱਕ ਰੈਲੀਆਂ ਤੇ ਭਾਸ਼ਣਾਂ ਵਿੱਚ ਜੁਟੇ ਹੋਏ ਹਨ।

ਪਰ ਇੱਥੇ ਇੱਕ ਵੱਡਾ ਸਵਾਲ ਖੜ੍ਹਾ ਹੁੰਦਾ ਹੈ—ਕੀ ਇਸ ਵੇਲੇ ਦੇਸ਼ ਭਰ ਵਿੱਚ ਫੇਰੀਆਂ ਪਾ ਕੇ ਬਜਟ ਦਾ ਪ੍ਰਚਾਰ ਕਰਨਾ ਸੱਚਮੁੱਚ ਜ਼ਰੂਰੀ ਹੈ, ਜਾਂ ਇਹ ਸਿਰਫ਼ ਜਨਤਾ ਦੇ ਪੈਸੇ ਦੀ ਫ਼ਜ਼ੂਲ-ਖ਼ਰਚੀ ਹੈ? ਇੱਕ ਆਮ ਕੈਨੇਡੀਅਨ ਨਾਗਰਿਕ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਸਰਕਾਰੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣਾ ਠੀਕ ਹੈ, ਪਰ ਇਸ ਮਕਸਦ ਲਈ ਮੰਤਰੀਆਂ ਦੀ ਫ਼ੌਜ ਨੂੰ ਸ਼ਹਿਰ-ਸ਼ਹਿਰ ਭੇਜਣਾ ਸ਼ੋਭਾ ਨਹੀਂ ਦਿੰਦਾ। ਹਵਾਈ ਸਫ਼ਰ, ਮਹਿੰਗੇ ਹੋਟਲ, ਸੁਰੱਖਿਆ ਦੇ ਲਾਮ-ਲਸ਼ਕਰ ਅਤੇ ਸਮਾਗਮਾਂ ਦੇ ਖ਼ਰਚੇ ਆਖ਼ਰਕਾਰ ਆਮ ਟੈਕਸ ਦਾਤਾ ਦੀ ਜੇਬ 'ਚੋਂ ਹੀ ਨਿਕਲਦੇ ਹਨ।

ਅੱਜ ਦਾ ਆਮ ਕੈਨੇਡੀਅਨ ਬਜਟ ਦੀਆਂ ਲੱਛੇਦਾਰ ਗੱਲਾਂ ਜਾਂ ਸਰਕਾਰੀ ਭਾਸ਼ਣ ਸੁਣਨ ਦਾ ਇੱਛੁਕ ਨਹੀਂ ਹੈ। ਉਸ ਦੀਆਂ ਚਿੰਤਾਵਾਂ ਬਹੁਤ ਜ਼ਮੀਨੀ ਹਨ—ਮਹੀਨੇ ਦੇ ਅਖੀਰ ਵਿੱਚ ਘਰ ਦਾ ਕਿਰਾਇਆ ਕਿਵੇਂ ਦੇਣਾ ਹੈ, ਕਰਿਆਨੇ (ਗ੍ਰੋਸਰੀ) ਦਾ ਵੱਧ ਰਿਹਾ ਬਿੱਲ ਕਿਵੇਂ ਸੰਭਾਲਣਾ ਹੈ, ਬੱਚਿਆਂ ਦੀ ਪੜ੍ਹਾਈ ਅਤੇ ਮੌਰਗੇਜ ਦੀਆਂ ਮਾਸਿਕ ਕਿਸ਼ਤਾਂ ਕਿਵੇਂ ਪੂਰੀਆਂ ਕਰਨੀਆਂ ਹਨ। ਵਿਰੋਧੀ ਧਿਰ ਵੀ ਇਸੇ ਮੁੱਦੇ 'ਤੇ ਸਰਕਾਰ ਨੂੰ ਘੇਰ ਰਹੀ ਹੈ ਕਿ ਕਾਰਨੀ ਸਰਕਾਰ ਅਸਲ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਸਿਰਫ਼ ਅੰਕੜਿਆਂ ਦੀ ਜਾਦੂਗਰੀ ਦਿਖਾ ਰਹੀ ਹੈ। ਸਰਕਾਰ ਨੂੰ ਇਹ ਸਮਝਣ ਦੀ ਲੋੜ ਹੈ ਕਿ ਲੋਕਾਂ ਨੂੰ ਦਾਅਵਿਆਂ ਨਾਲੋਂ ਨਤੀਜੇ ਵਧੇਰੇ ਚਾਹੀਦੇ ਹਨ। ਜੇਕਰ ਬਜਟ ਦੀਆਂ ਯੋਜਨਾਵਾਂ ਨਾਲ ਆਮ ਪਰਿਵਾਰਾਂ ਦੀ ਖ਼ਰੀਦ ਸ਼ਕਤੀ ਨਹੀਂ ਵਧਦੀ ਅਤੇ ਜ਼ਮੀਨੀ ਪੱਧਰ 'ਤੇ ਰਾਹਤ ਨਹੀਂ ਮਿਲਦੀ, ਤਾਂ ਸ਼ਹਿਰ-ਸ਼ਹਿਰ ਜਾ ਕੇ ਕੀਤਾ ਗਿਆ ਇਹ ਪ੍ਰਚਾਰ ਬੇਕਾਰ ਸਾਬਤ ਹੋਵੇਗਾ।

ਮੰਤਰੀਆਂ ਦੇ ਇਹ ਦੌਰੇ ਉਦੋਂ ਹੀ ਸਾਰਥਕ ਮੰਨੇ ਜਾਣਗੇ ਜੇਕਰ ਇਹ ਲੋਕਾਂ ਦੇ ਦੁੱਖ-ਦਰਦ ਦਾ ਅਸਲ ਹੱਲ ਕੱਢਣ। ਜਨਤਾ ਦੇ ਟੈਕਸ ਦਾ ਪੈਸਾ ਸਰਕਾਰ ਵੱਲੋਂ ਆਪਣੀ ਹੀ ਪਿੱਠ ਥਾਪੜਨ ਲਈ ਨਹੀਂ, ਸਗੋਂ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ।

ਹੁਣ ਕੈਨੇਡਾ 'ਚ ਵਿਦੇਸ਼ੀ...

ਸਾਡੇ ਨਾਲ ਗੱਲਬਾਤ ਕਰਦੇ ਹੋਮਲਾਇਫ ਸਿਲਵਰਸਿਟੀ ਦੇ ਹਰਪ ਗਰੇਵਾਲ ਤੇ ਬਲਜਿੰਦਰ ਸਰਾ ਨੇ ਦੱਸਦਿਆਂ ਕਿਹਾ ਕਿ ਇਸ ਤਜਵੀਜ਼ ਤਹਿਤ ਵਿਦੇਸ਼ੀ ਨਾਗਰਿਕ ਬਿਲਡਰਾਂ ਵੱਲੋਂ ਨਵੇਂ ਤਿਆਰ ਕੀਤੇ ਘਰ ਖਰੀਦ ਸਕਣਗੇ, ਜਦਕਿ ਪਹਿਲਾਂ ਤੋਂ ਮੌਜੂਦ ਅਤੇ ਰੀਸੇਲ ਘਰਾਂ ਦੀ ਖਰੀਦ 'ਤੇ ਪਾਬੰਦੀ ਜਾਰੀ ਰਹੇਗੀ। ਸਰਕਾਰ ਨੇ ਮੌਜੂਦਾ ਵਿਦੇਸ਼ੀ ਘਰ ਖਰੀਦ ਪਾਬੰਦੀ ਨੂੰ 1 ਜਨਵਰੀ 2029 ਤੱਕ ਵਧਾਉਣ ਦੀ ਯੋਜਨਾ ਬਣਾਈ ਹੈ। ਇਸ ਦੇ ਨਾਲ ਹੀ ਨਵੇਂ ਰਿਹਾਇਸ਼ੀ ਪ੍ਰੋਜੈਕਟਾਂ ਨੂੰ ਇਸ ਪਾਬੰਦੀ ਤੋਂ ਛੋਟ ਦੇਣ ਦੀ ਤਜਵੀਜ਼ ਹੈ।

ਬਿਲਡਰਾਂ ਨੂੰ ਮਿਲ ਸਕਦੀ ਹੈ ਵੱਡੀ ਰਾਹਤ

ਟੋਰਾਂਟੋ, ਬਰੈਂਪਟਨ, ਮਿਸੀਸਾਗਾ ਅਤੇ ਵੈਨਕੂਵਰ ਵਰਗੇ ਸ਼ਹਿਰਾਂ ਵਿੱਚ ਨਵੇਂ ਕੰਡੋਮੀਨੀਅਮਾਂ ਅਤੇ ਪ੍ਰੀ-ਕੰਸਟਰਕਸ਼ਨ ਪ੍ਰੋਜੈਕਟਾਂ ਦੀ ਵਿਕਰੀ ਵਿੱਚ ਆਈ ਮੰਦੀ ਕਾਰਨ ਬਿਲਡਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਉਮੀਦ ਹੈ ਕਿ ਵਿਦੇਸ਼ੀ ਨਿਵੇਸ਼ ਨਾਲ ਨਵੇਂ ਘਰਾਂ ਦੀ ਵਿਕਰੀ ਅਤੇ ਉਸਾਰੀ ਨੂੰ ਹੁਲਾਰਾ ਮਿਲੇਗਾ।

ਓਨਟਾਰੀਓ ਵਿੱਚ ਖਰੀਦਦਾਰਾਂ ਲਈ ਕੀ ਮਤਲਬ?


ਵਿਦੇਸ਼ੀ ਖਰੀਦਦਾਰਾਂ ਨੂੰ ਨਵੇਂ ਘਰ ਖਰੀਦਣ ਦੀ ਛੋਟ ਮਿਲਣ ਦੇ ਬਾਵਜੂਦ ਓਨਟਾਰੀਓ ਦਾ 25 ਫ਼ੀਸਦੀ Non-Resident Speculation Tax ਲਾਗੂ ਰਹਿ ਸਕਦਾ ਹੈ। ਇਸ ਲਈ ਨਵਾਂ ਘਰ ਖਰੀਦਣ ਤੋਂ ਪਹਿਲਾਂ ਟੈਕਸ ਅਤੇ ਕਾਨੂੰਨੀ ਸ਼ਰਤਾਂ ਦੀ ਜਾਂਚ ਕਰਨੀ ਜ਼ਰੂਰੀ ਹੋਵੇਗੀ। ਅਹਿਮ ਗੱਲ: ਇਹ ਤਬਦੀਲੀ ਅਜੇ ਤਜਵੀਜ਼ ਦੇ ਪੜਾਅ ਵਿੱਚ ਹੈ। ਇਸ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਕਾਨੂੰਨੀ ਸੋਧਾਂ ਅਤੇ ਨਵੇਂ ਨਿਯਮ ਬਣਾਏ ਜਾਣੇ ਬਾਕੀ ਹਨ।

ਕੈਨੇਡਾ 'ਚ ਭਾਰਤੀ ਮੂਲ...

ਵਾਟਰ ਬ੍ਰਿਜ ਦੇ ਕੈਨੇਡੀਆਈ ਪਾਸੇ ਉਸ ਦੇ ਟਰੱਕ ਵਿੱਚੋਂ ਮਿਲੇ ਦੋ ਬਕਸਿਆਂ ਵਿੱਚੋਂ 3.6 ਮਿਲੀਅਨ ਤੋਂ 4.8 ਮਿਲੀਅਨ ਡਾਲਰ ਦੇ ਵਿਚਕਾਰ ਮੁੱਲ ਦੀ 40 ਕਿਲੋਗ੍ਰਾਮ ਕੋਕੀਨ ਦੀ ਬਰਾਮਦਗੀ ਨਾਲ ਸਬੰਧਤ ਹੈ। ਜਸਟਿਸ ਪ੍ਰੈਟ ਨੇ ਕਿਹਾ ਕਿ ਉਨ੍ਹਾਂ ਨੇ ਸਿੰਘ ਦੇ ਬਿਆਨ 'ਤੇ ਯਕੀਨ ਨਹੀਂ ਕੀਤਾ, ਅਤੇ ਉਸ ਦੀ ਗਵਾਹੀ ਵਿੱਚ ਕਈ ਤਰ੍ਹਾਂ ਦੀਆਂ ਅਸੰਗਤਤਾਵਾਂ ਵੱਲ ਇਸ਼ਾਰਾ ਕੀਤਾ। ਮੁਕੱਦਮੇ ਦੌਰਾਨ ਸ

ਈਰਾਨ ਨਾਲ ਜੰਗ 'ਲਗਭਗ ਖ਼ਤਮ' ਹੋ ਚੁੱਕੀ ਹੈ : ਟਰੰਪ

ਕਿਹਾ : ਈਰਾਨ ਫ਼ੌਜੀ ਤੌਰ 'ਤੇ ਲਗਭਗ ਖ਼ਤਮ ਹੋ ਚੁੱਕਿਆ ਹੈ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਈਰਾਨ ਨਾਲ ਜੰਗ 'ਫ਼ੌਜੀ ਤੌਰ 'ਤੇ ਲਗਭਗ ਖ਼ਤਮ ਹੋ ਚੁੱਕੀ ਹੈ।' ਉਨ੍ਹਾਂ ਦੇ ਇਸ ਬਿਆਨ ਤੋਂ ਸੰਕੇਤ ਮਿਲਦਾ ਹੈ ਕਿ ਫਿਲਹਾਲ ਉਹ ਈਰਾਨ 'ਤੇ ਮੁੜ ਹਮਲੇ ਕਰਨ ਦੇ ਹੱਕ ਵਿੱਚ ਨਹੀਂ ਹਨ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, ''ਈਰਾਨ ਫ਼ੌਜੀ ਤੌਰ 'ਤੇ ਲਗਭਗ ਖ਼ਤਮ ਹੋ ਚੁੱਕਾ ਹੈ। ਅਸੀਂ ਫਿਲਹਾਲ ਮੌਜੂਦਾ ਸਥਿਤੀ ਬਰਕਰਾਰ ਰੱਖ ਰਹੇ ਹਾਂ।''

ਟਰੰਪ ਨੇ ਇਹ ਵੀ ਕਿਹਾ ਕਿ ਈਰਾਨ ਦੀ 'ਲੀਡਰਸ਼ਿਪ ਖ਼ਤਮ ਕਰ ਦਿੱਤੀ ਗਈ ਹੈ', ਪਰ ਉਹ ਇਹ ਯਕੀਨੀ ਬਣਾਉਣ ਲਈ ਲੰਮੇ ਸਮੇਂ ਦੇ ਹੱਲ ਲੱਭ ਰਹੇ ਹਨ ਕਿ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕੀਤਾ ਜਾ ਸਕੇ। ਮੱਧਕਾਲੀ ਚੋਣਾਂ ਤੋਂ ਬਾਅਦ ਈਰਾਨ 'ਤੇ ਮੁੜ ਹਮਲੇ ਸ਼ੁਰੂ ਕਰਨ ਦੀ ਆਪਣੀ ਧਮਕੀ ਤੋਂ ਪਿੱਛੇ ਹਟਣ ਸਬੰਧੀ ਟਰੰਪ ਦਾ ਇਹ ਹੁਣ ਤੱਕ ਦਾ ਸਭ ਤੋਂ ਸਪੱਸ਼ਟ ਬਿਆਨ ਹੈ। ਪਿਛਲੇ ਹਫ਼ਤੇ ਹੋਈਆਂ ਚੋਣਾਂ ਵਿੱਚ ਰਾਸ਼ਟਰਪਤੀ ਦੀ ਰਿਪਬਲਿਕਨ ਪਾਰਟੀ ਨੂੰ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਅੱਠ ਮਹੀਨਿਆਂ ਤੋਂ ਜਾਰੀ ਇਸ ਜੰਗ ਨੂੰ ਲੈ ਕੇ ਅਮਰੀਕੀ ਵੋਟਰਾਂ ਵਿੱਚ ਨਾਰਾਜ਼ਗੀ ਹੈ। ਇਸ ਸੰਘਰਸ਼ ਕਾਰਨ ਈਂਧਨ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ ਵਿਸ਼ਵ ਅਰਥਵਿਵਸਥਾ ਦਾ ਲਗਭਗ ਹਰ ਖੇਤਰ ਪ੍ਰਭਾਵਿਤ ਹੋਇਆ ਹੈ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਰਾਹੀਂ ਮੁੜ ਜ਼ੋਰ ਦਿੱਤਾ ਕਿ ਪੱਛਮੀ ਏਸ਼ੀਆ ਦੇ ਸਹਿਯੋਗੀ ਦੇਸ਼ਾਂ–ਕਤਰ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਬਹਿਰੀਨ, ਕੁਵੈਤ ਅਤੇ ਹੋਰ ਦੇਸ਼ਾਂ ਦੀ ਇੱਛਾ ਹੈ ਕਿ 'ਮੌਜੂਦਾ ਸਥਿਤੀ ਬਰਕਰਾਰ ਰਹੇ।' ਇਸ ਤੋਂ ਕੁਝ ਮਿੰਟ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਰੀਕੀ ਰਾਸ਼ਟਰਪਤੀ ਨੇ ਜੰਗ ਤੋਂ ਪ੍ਰੇਸ਼ਾਨ ਅਮਰੀਕੀ ਨਾਗਰਿਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ''ਸਕਾਰਾਤਮਕ ਤਰੱਕੀ ਹੋ ਰਹੀ ਹੈ'' ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਜੰਗ ''ਖ਼ਤਮ ਹੋ ਸਕਦੀ ਹੈ।'' ਹਾਲਾਂਕਿ, ਟਰੰਪ ਨੇ ਉਨ੍ਹਾਂ ਹਜ਼ਾਰਾਂ ਅਮਰੀਕੀ ਸੈਨਿਕਾਂ ਦੀ ਵਾਪਸੀ ਬਾਰੇ ਕੋਈ ਸੰਕੇਤ ਨਹੀਂ ਦਿੱਤਾ, ਜਿਨ੍ਹਾਂ ਨੂੰ ਈਰਾਨ ਦੇ ਤੱਟ ਦੇ ਨੇੜੇ ਤਾਇਨਾਤ ਕੀਤਾ ਗਿਆ ਹੈ। ਇਹ ਸੈਨਿਕ ਵਿਸ਼ਵ ਬਾਜ਼ਾਰ ਵਿੱਚ ਈਰਾਨੀ ਤੇਲ ਦੀ ਸਪਲਾਈ ਰੋਕਣ ਲਈ ਸਮੁੰਦਰੀ ਨਾਕਾਬੰਦੀ ਜਾਰੀ ਰੱਖ ਰਹੇ ਹਨ।

ਵ੍ਹਾਈਟ ਹਾਊਸ ਨੇੜੇ ਕਾਰ ਹਾਦਸੇ ਮਗਰੋਂ ਹਾਈ ਅਲਰਟ; ਵ੍ਹਾਈਟ ਹਾਊਸ ਵਿਚ ਮੌਜੂਦ ਸਨ ਟਰੰਪ



ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਨੇੜੇ ਇੱਕ ਕਾਰ ਸੂਚਨਾ ਬੋਰਡ ਨਾਲ ਟਕਰਾ ਗਈ, ਜਿਸ ਮਗਰੋਂ ਸੀਕ੍ਰੇਟ ਸਰਵਿਸ ਨੇ ਵ੍ਹਾਈਟ ਹਾਊਸ ਵਿੱਚ ਹਾਈ ਅਲਰਟ ਕਰ ਦਿੱਤਾ। ਘਟਨਾ ਸਮੇਂ ਰਾਸ਼ਟਰਪਤੀ ਡੋਨਲਡ ਟਰੰਪ ਵ੍ਹਾਈਟ ਹਾਊਸ ਦੇ ਅੰਦਰ ਮੌਜੂਦ ਸਨ ਅਤੇ ਮੀਟਿੰਗਾਂ ਦੀ ਤਿਆਰੀ ਕਰ ਰਹੇ ਸਨ। ਜਾਣਕਾਰੀ ਅਨੁਸਾਰ ਕਾਰ ਫੁਟਪਾਥ 'ਤੇ ਚੜ੍ਹ ਕੇ ਲਾਫਾਏਟ ਪਾਰਕ ਨੇੜੇ ਲੱਗੇ ਸੂਚਨਾ ਬੋਰਡ ਨਾਲ ਟਕਰਾ ਗਈ। ਇਹ ਪਾਰਕ ਵ੍ਹਾਈਟ ਹਾਊਸ ਦੇ ਸਾਹਮਣੇ ਸਥਿਤ ਹੈ। ਕਾਰ ਵ੍ਹਾਈਟ ਹਾਊਸ ਦੇ ਮੁੱਖ ਦਰਵਾਜ਼ੇ ਤੱਕ ਨਹੀਂ ਪਹੁੰਚੀ, ਜੋ ਹਾਦਸੇ ਵਾਲੀ ਥਾਂ ਤੋਂ ਇੱਕ ਬਲਾਕ ਤੋਂ ਵੱਧ ਦੂਰੀ 'ਤੇ ਹੈ। ਘਟਨਾ ਮਗਰੋਂ ਸੀਕ੍ਰੇਟ ਸਰਵਿਸ ਦੇ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਇਮਾਰਤ ਦੇ ਅੰਦਰ ਜਾਣ ਲਈ ਕਿਹਾ। ਸੁਰੱਖਿਆ ਕਰਮਚਾਰੀਆਂ ਨੇ ਚਾਲਕ ਨੂੰ ਜ਼ਮੀਨ 'ਤੇ ਲੇਟਣ ਦਾ ਹੁਕਮ ਦਿੱਤਾ ਅਤੇ ਬਾਅਦ ਵਿੱਚ ਉਸ ਨੂੰ ਹੱਥਕੜੀਆਂ ਲਾ ਕੇ ਹਿਰਾਸਤ ਵਿੱਚ ਲੈ ਲਿਆ। ਉਸ ਦੀ ਪਛਾਣ ਅਤੇ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਜਾਣਕਾਰੀ ਨਹੀਂ ਮਿਲ ਸਕੀ। ਕਿਸੇ ਦੇ ਜ਼ਖ਼ਮੀ ਹੋਣ ਦੀ ਵੀ ਕੋਈ ਸੂਚਨਾ ਨਹੀਂ ਸੀ।

ਸੁਰੱਖਿਆ ਪ੍ਰਬੰਧ ਸਖ਼ਤ ਕੀਤੇ

ਲਾਫਾਏਟ ਪਾਰਕ ਸੈਲਾਨੀਆਂ ਅਤੇ ਰਾਹਗੀਰਾਂ ਵਿੱਚ ਕਾਫ਼ੀ ਮਕਬੂਲ ਹੈ। ਇੱਥੇ ਲੋਕ ਵ੍ਹਾਈਟ ਹਾਊਸ ਦੀਆਂ ਤਸਵੀਰਾਂ ਖਿੱਚਣ ਲਈ ਅਕਸਰ ਇਕੱਠੇ ਹੁੰਦੇ ਹਨ। ਹਾਲਾਂਕਿ, ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਹੋਏ ਨਵੀਨੀਕਰਨ ਦੇ ਕੰਮ ਮਗਰੋਂ ਇਸ ਇਲਾਕੇ ਵਿੱਚ ਉੱਚੀਆਂ ਰੋਕਾਂ ਲਾਈਆਂ ਗਈਆਂ ਹਨ। ਇਸ ਮੋਹਰੀ ਅਖ਼ਬਾਰ ਨੇ ਜੁਲਾਈ ਵਿੱਚ ਰਿਪੋਰਟ ਦਿੱਤੀ ਸੀ ਕਿ ਟਰੰਪ ਪ੍ਰਸ਼ਾਸਨ ਲਾਫਾਏਟ ਸਕੁਏਅਰ ਅਤੇ ਪੈਨਸਿਲਵੇਨੀਆ ਐਵੇਨਿਊ ਦੇ ਕੁਝ ਹਿੱਸਿਆਂ ਦੁਆਲੇ ਪੱਕੀਆਂ ਰੋਕਾਂ ਲਾਉਣ ਬਾਰੇ ਵਿਚਾਰ ਕਰ ਰਿਹਾ ਹੈ, ਤਾਂ ਜੋ ਸੁਰੱਖਿਆ ਖ਼ਤਰੇ ਦੀ ਸਥਿਤੀ ਵਿੱਚ ਜਨਤਕ ਥਾਵਾਂ ਨੂੰ ਛੇਤੀ ਬੰਦ ਕੀਤਾ ਜਾ ਸਕੇ।

ਪਹਿਲਾਂ ਵੀ ਵਾਪਰ ਚੁੱਕੀਆਂ ਹਨ ਘਟਨਾਵਾਂ

ਇਸ ਸਾਲ 23 ਮਈ ਨੂੰ ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿੱਚ ਇੱਕ ਸ਼ੱਕੀ ਵੀ ਸ਼ਾਮਲ ਸੀ। ਇਸ ਮਗਰੋਂ ਪੱਤਰਕਾਰਾਂ ਨੂੰ ਅਸਥਾਈ ਤੌਰ 'ਤੇ ਅੰਦਰ ਭੇਜ ਦਿੱਤਾ ਗਿਆ ਸੀ। 4 ਮਈ ਨੂੰ ਵੀ ਵ੍ਹਾਈਟ ਹਾਊਸ ਵਿੱਚ ਥੋੜ੍ਹੇ ਸਮੇਂ ਲਈ ਰੋਕਾਂ ਲਾਈਆਂ ਗਈਆਂ ਸਨ।

ਉਸ ਸਮੇਂ ਵਾਸ਼ਿੰਗਟਨ ਮੌਨਿਊਮੈਂਟ ਨੇੜੇ ਇੱਕ ਹਥਿਆਰਬੰਦ ਵਿਅਕਤੀ ਅਤੇ ਸੀਕ੍ਰੇਟ ਸਰਵਿਸ ਦੇ ਅਧਿਕਾਰੀ ਵਿਚਾਲੇ ਗੋਲੀਬਾਰੀ ਹੋਈ ਸੀ।

ਲਾਲਜੀਤ ਸਿੰਘ ਭੁੱਲਰ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਐਲਾਨ



ਪੰਜਾਬ ਦੇ ਸਾਬਕਾ ਮੰਤਰੀ ਅਤੇ ਪੱਟੀ ਤੋਂ ਆਪ (AAP) ਵਿਧਾਇਕ ਲਾਲਜੀਤ ਸਿੰਘ ਭੁੱਲਰ ਨੇ ਐਲਾਨ ਕੀਤਾ ਹੈ ਕਿ ਉਹ ਆਗਾਮੀ ਵਿਧਾਨ ਸਭਾ ਚੋਣਾਂ ਨਹੀਂ ਲੜਨਗੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਭੁੱਲਰ ਨੇ ਦੱਸਿਆ ਕਿ ਪੱਟੀ ਹਲਕੇ ਦੇ ਲੋਕ ਆਪ (AAP) ਲੀਡਰਸ਼ਿਪ ਨੂੰ ਉਨ੍ਹਾਂ ਨੂੰ ਮੁੜ ਚੋਣ ਮੈਦਾਨ ਵਿੱਚ ਉਤਾਰਨ ਦੀ ਅਪੀਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਵੱਲੋਂ ਮਿਲੇ ਇਸ ਸਮਰਥਨ ਤੋਂ ਗਦਗਦ ਹਨ। ਧੰਨਵਾਦ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਖੜ੍ਹਨ ਲਈ ਪੱਟੀ ਦੇ ਲੋਕਾਂ ਦੇ ਦੇਣਦਾਰ ਹਨ।

ਆਪ ਵੱਲੋਂ ਹਾਲ ਹੀ ਵਿੱਚ ਜਸਕੰਵਰ ਸਿੰਘ, ਜਿਨ੍ਹਾਂ ਨੂੰ ਜੱਸਾ ਪੱਟੀ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਪੱਟੀ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਸਾਬਕਾ ਪਹਿਲਵਾਨ ਜੱਸਾ ਪੱਟੀ ਲਈ ਸਿਆਸੀ ਰਾਹ ਆਸਾਨ ਨਹੀਂ ਰਿਹਾ ਹੈ। ਪੱਟੀ ਵਿੱਚ ਇਹ ਨਿਯੁਕਤੀ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੀਤੀ ਗਈ ਸੀ, ਜੋ ਫਿਲਹਾਲ ਅੰਮ੍ਰਿਤਸਰ ਵਿੱਚ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਮੌਤ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹਨ। ਰੰਧਾਵਾ ਦੀ ਮੌਤ 21 ਮਾਰਚ 2026 ਨੂੰ ਕਥਿਤ ਤੌਰ 'ਤੇ ਕੋਈ ਜ਼ਹਿਰੀਲਾ ਪਦਾਰਥ ਨਿਗਲਣ ਨਾਲ ਹੋਈ ਸੀ। ਆਪਣੀ ਮੌਤ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਵੀਡੀਓ ਸੰਦੇਸ਼ ਰਿਕਾਰਡ ਕੀਤਾ ਸੀ, ਜਿਸ ਵਿੱਚ ਉਨ੍ਹਾਂ ਨੇ ਭੁੱਲਰ 'ਤੇ ਵੇਅਰਹਾਊਸ ਉਸਾਰੀ ਟੈਂਡਰਾਂ ਦੀ ਅਲਾਟਮੈਂਟ ਨੂੰ ਲੈ ਕੇ ਖੱਜਲ–ਖ਼ੁਆਰੀ ਅਤੇ ਦਬਾਅ ਪਾਉਣ ਦੇ ਦੋਸ਼ ਲਾਏ ਸਨ। ਇਸ ਘਟਨਾ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਨਿਰਪੱਖ ਜਾਂਚ ਦੀ ਸਹੂਲਤ ਲਈ ਭੁੱਲਰ, ਜਿਨ੍ਹਾਂ ਕੋਲ ਉਸ ਸਮੇਂ ਟਰਾਂਸਪੋਰਟ ਅਤੇ ਜੇਲ੍ਹ ਵਿਭਾਗ ਸਨ, ਨੂੰ ਅਸਤੀਫ਼ਾ ਦੇਣ ਲਈ ਕਿਹਾ ਸੀ। ਭੁੱਲਰ ਨੇ ਉਸੇ ਦਿਨ ਅਸਤੀਫ਼ਾ ਦੇ ਦਿੱਤਾ ਸੀ। ਅੰਮ੍ਰਿਤਸਰ ਪੁਲੀਸ ਨੇ ਬਾਅਦ ਵਿੱਚ ਰੰਧਾਵਾ ਦੀ ਪਤਨੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਅਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਅਤੇ ਅਪਰਾਧਿਕ ਧਮਕੀਆਂ ਦੇਣ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਸ ਮਾਮਲੇ ਦੇ ਸਬੰਧ ਵਿੱਚ ਭੁੱਲਰ ਨੂੰ 23 ਮਾਰਚ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਆਸਟ੍ਰੇਲੀਆ ਜਾਣ ਦੀ ਤਿਆਰੀ ਕਰ ਰਹੇ ਪੰਜਾਬੀਆਂ ਲਈ ਵੱਡੀ ਖ਼ਬਰ !



ਆਸਟ੍ਰੇਲੀਆ ਸਰਕਾਰ ਨੇ ਵੀਜ਼ਾ ਨਿਯਮਾਂ ਨੂੰ ਲੈ ਕੇ ਇੱਕ ਹੋਰ ਵੱਡਾ ਫ਼ੈਸਲਾ ਲਿਆ ਹੈ। ਹੁਣ 407 Training Visa ਲੈਣਾ ਹੋ ਸਕਦਾ ਹੈ ਹੋਰ ਵੀ ਮੁਸ਼ਕਿਲ ! ਨਵੇਂ ਨਿਯਮਾਂ ਤਹਿਤ ਕਈ ਲੋਕਾਂ ਨੂੰ ਵੀਜ਼ਾ ਅਪਲਾਈ ਕਰਨ ਲਈ ਆਸਟ੍ਰੇਲੀਆ ਛੱਡਣਾ ਪੈ ਸਕਦਾ ਹੈ। ਇੰਨਾ ਹੀ ਨਹੀਂ, ਵੀਜ਼ਾ ਮਨਜ਼ੂਰ ਹੋਣ ਤੱਕ ਵਿਦੇਸ਼ ਵਿੱਚ ਹੀ ਰਹਿਣਾ ਹੋਵੇਗਾ। 12 ਨਵੰਬਰ 2026 ਤੋਂ ਲਾਗੂ ਹੋਣ ਜਾ ਰਹੀ ਇਸ ਤਬਦੀਲੀ ਦਾ ਅਸਰ ਉਨ੍ਹਾਂ ਭਾਰਤੀਆਂ 'ਤੇ ਵੀ ਪੈ ਸਕਦਾ ਹੈ, ਜੋ ਪਹਿਲਾਂ ਤੋਂ ਆਸਟ੍ਰੇਲੀਆ ਵਿੱਚ ਰਹਿ ਰਹੇ ਹਨ। ਦਰਅਸਲ, ਆਸਟ੍ਰੇਲੀਆ ਦੇ Training Visa Subclass 407 ਦੇ ਨਿਯਮਾਂ ਨੂੰ ਸਖ਼ਤ ਕੀਤਾ ਜਾ ਰਿਹਾ ਹੈ।

ਇਮੀਗ੍ਰੇਸ਼ਨ ਲਾਅ ਫਰਮ Fragomen ਅਤੇ KPMG ਦੀ ਜਾਣਕਾਰੀ ਮੁਤਾਬਕ, ਨਵੇਂ ਨਿਯਮਾਂ ਤਹਿਤ ਪ੍ਰਭਾਵਿਤ ਬਿਨੈਕਾਰਾਂ ਨੂੰ 407 ਵੀਜ਼ਾ ਦੀ ਅਰਜ਼ੀ ਜਮ੍ਹਾਂ ਕਰਵਾਉਣ ਸਮੇਂ ਆਸਟ੍ਰੇਲੀਆ ਤੋਂ ਬਾਹਰ ਹੋਣਾ ਲਾਜ਼ਮੀ ਹੋਵੇਗਾ। ਇਸ ਤੋਂ ਇਲਾਵਾ, ਵੀਜ਼ਾ ਅਰਜ਼ੀ 'ਤੇ ਅੰਤਿਮ ਫ਼ੈਸਲਾ ਆਉਣ ਤੱਕ ਵੀ ਉਨ੍ਹਾਂ ਨੂੰ ਆਸਟ੍ਰੇਲੀਆ ਤੋਂ ਬਾਹਰ ਹੀ ਰਹਿਣਾ ਪਵੇਗਾ। ਯਾਨੀ ਜੇਕਰ ਤੁਸੀਂ ਪਹਿਲਾਂ ਹੀ ਆਸਟ੍ਰੇਲੀਆ ਵਿੱਚ ਕਿਸੇ ਹੋਰ ਅਸਥਾਈ ਵੀਜ਼ੇ 'ਤੇ ਰਹਿ ਰਹੇ ਹੋ ਅਤੇ ਹੁਣ 407 ਵੀਜ਼ਾ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੀ ਅਗਲੀ ਯੋਜਨਾ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ। ਹਾਲਾਂਕਿ, ਕੁਝ ਵਿਸ਼ੇਸ਼ ਸ਼੍ਰੇਣੀਆਂ ਨੂੰ ਇਸ ਨਿਯਮ ਤੋਂ ਛੋਟ ਵੀ ਮਿਲ ਸਕਦੀ ਹੈ।

ਇੱਥੇ ਇੱਕ ਹੋਰ ਅਹਿਮ ਗੱਲ ਵੀ ਜਾਣ ਲਓ।

ਇਸ ਤੋਂ ਪਹਿਲਾਂ 11 ਮਾਰਚ 2026 ਤੋਂ ਵੀ 407 ਵੀਜ਼ਾ ਦੀ ਪ੍ਰਕਿਰਿਆ ਸਖ਼ਤ ਕੀਤੀ ਜਾ ਚੁੱਕੀ ਹੈ। ਹੁਣ ਬਿਨੈਕਾਰ ਦੀ ਵੀਜ਼ਾ ਅਰਜ਼ੀ ਉਸੇ ਸਮੇਂ ਵੈਧ ਮੰਨੀ ਜਾਵੇਗੀ, ਜਦੋਂ ਸਪਾਂਸਰ ਕਰਨ ਵਾਲੇ ਰੁਜ਼ਗਾਰਦਾਤਾ ਦੀ Temporary Activities Sponsorship ਅਤੇ 407 Nomination ਦੋਵਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੋਵੇ। ਇਸ ਦਾ ਮਤਲਬ ਹੈ ਕਿ ਸਿਰਫ਼ ਸਪਾਂਸਰਸ਼ਿਪ ਜਾਂ ਨਾਮਜ਼ਦਗੀ ਲਈ ਅਪਲਾਈ ਕਰਨਾ ਕਾਫ਼ੀ ਨਹੀਂ ਹੋਵੇਗਾ। ਸਭ ਤੋਂ ਵੱਡੀ ਚਿੰਤਾ ਉਨ੍ਹਾਂ ਲੋਕਾਂ ਲਈ ਹੈ, ਜਿਨ੍ਹਾਂ ਦੇ ਮੌਜੂਦਾ ਵੀਜ਼ੇ ਦੀ ਮਿਆਦ ਜਲਦ ਖ਼ਤਮ ਹੋਣ ਵਾਲੀ ਹੈ। ਕਿਉਂਕਿ ਸਪਾਂਸਰਸ਼ਿਪ ਅਤੇ ਨਾਮਜ਼ਦਗੀ ਦੀ ਪ੍ਰਕਿਰਿਆ ਵਿੱਚ ਲਗਭਗ 12 ਤੋਂ 13 ਮਹੀਨੇ ਲੱਗ ਸਕਦੇ ਹਨ। ਅਜਿਹੇ ਵਿੱਚ ਜੇਕਰ ਤੁਹਾਡਾ ਮੌਜੂਦਾ ਵੀਜ਼ਾ ਖ਼ਤਮ ਹੋਣ ਵਾਲਾ ਹੈ ਤਾਂ ਤੁਹਾਡੇ ਸਾਹਮਣੇ ਆਸਟ੍ਰੇਲੀਆ ਛੱਡਣ ਜਾਂ ਹੋਰ ਵੀਜ਼ਾ ਵਿਕਲਪ ਲੱਭਣ ਦੀ ਨੌਬਤ ਆ ਸਕਦੀ ਹੈ। ਉੱਥੇ ਹੀ ਭਾਰਤ ਤੋਂ ਅਪਲਾਈ ਕਰਨ ਵਾਲੇ ਬਿਨੈਕਾਰਾਂ ਨੂੰ ਬਾਇਓਮੈਟ੍ਰਿਕ ਪ੍ਰਕਿਰਿਆ ਦਾ ਵੀ ਖ਼ਾਸ ਧਿਆਨ ਰੱਖਣਾ ਹੋਵੇਗਾ। ਇਮੀਗ੍ਰੇਸ਼ਨ ਵਿਭਾਗ ਵੱਲੋਂ ਨੋਟਿਸ ਮਿਲਣ 'ਤੇ ਨਿਰਧਾਰਤ ਸਮੇਂ ਅੰਦਰ ਬਾਇਓਮੈਟ੍ਰਿਕ ਦੇਣਾ ਜ਼ਰੂਰੀ ਹੋਵੇਗਾ।

ਹੁਣ ਸਵਾਲ ਹੈ ਕਿ ਸਰਕਾਰ ਨੇ ਇਹ ਸਖ਼ਤੀ ਕਿਉਂ ਕੀਤੀ?

ਦਰਅਸਲ, ਆਸਟ੍ਰੇਲੀਆ ਸਰਕਾਰ ਦਾ ਮਕਸਦ Training Visa ਪ੍ਰੋਗਰਾਮ ਦੀ ਗ਼ਲਤ ਵਰਤੋਂ ਨੂੰ ਰੋਕਣਾ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਨਿਯੰਤਰਿਤ ਕਰਨਾ ਹੈ। ਦੱਸ ਦਈਏ ਕਿ 407 ਵੀਜ਼ਾ ਉਨ੍ਹਾਂ ਲੋਕਾਂ ਲਈ ਹੁੰਦਾ ਹੈ, ਜੋ ਆਸਟ੍ਰੇਲੀਆ ਵਿੱਚ ਆਪਣੇ ਪੇਸ਼ੇ ਨਾਲ ਸਬੰਧਤ ਕਿੱਤਾਮੁਖੀ ਸਿਖਲਾਈ ਜਾਂ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ। ਸੋ, ਜੇਕਰ ਤੁਸੀਂ ਵੀ ਆਸਟ੍ਰੇਲੀਆ ਵਿੱਚ ਰਹਿ ਰਹੇ ਹੋ ਜਾਂ 407 Training Visa ਲਈ ਅਪਲਾਈ ਕਰਨ ਦੀ ਯੋਜਨਾ ਬਣਾ ਰਹੇ ਹੋ ਤਾਂ 12 ਨਵੰਬਰ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਨੂੰ ਹਲਕੇ ਵਿੱਚ ਨਾ ਲਓ। ਆਪਣੇ ਮੌਜੂਦਾ ਵੀਜ਼ੇ ਦੀ ਮਿਆਦ ਅਤੇ ਸਪਾਂਸਰਸ਼ਿਪ ਦੀ ਸਥਿਤੀ ਜ਼ਰੂਰ ਚੈੱਕ ਕਰੋ ਅਤੇ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਦੀ ਸਲਾਹ ਲਓ। ਆਸਟ੍ਰੇਲੀਆ ਦੇ ਵੀਜ਼ਾ ਨਿਯਮਾਂ ਨਾਲ ਜੁੜੀ ਹਰ ਅਪਡੇਟ ਲਈ ਦੇਖਦੇ ਰਹੋ ਸਾਡੀਆਂ ਖ਼ਬਰਾਂ।

ਪਟਿਆਲਾ RTO ਦਫ਼ਤਰ ਪਹੁੰਚੇ ਰਵਨੀਤ ਬਿੱਟੂ

ਅਧਿਕਾਰੀਆਂ ਦੀ ਹਾਜ਼ਰੀ, ਕੰਮ 'ਚ ਦੇਰ 'ਤੇ ਚੁੱਕੇ ਸਵਾਲ



ਭਾਜਪਾ ਆਗੂ ਅਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਮੰਗਲਵਾਰ ਨੂੰ ਪਟਿਆਲਾ RTO ਦਫ਼ਤਰ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਆ ਰਹੀਆਂ ਸਮੱਸਿਆ

ਅਮਨ ਅਰੋੜਾ ਨੇ ਚਰਨਜੀਤ ਚੰਨੀ ਦੀ ਜਵਾਨੀ ਸੰਭਾਲ ਯਾਤਰਾ ਤੇ ਚੁੱਕੇ ਸਵਾਲ, ਕਾਂਗਰਸ ਦੀ ਗੁੱਟਬਾਜੀ ਵਿੱਚ ਕੱਸਿਆ ਤੰਜ਼



ਲੁਧਿਆਣਾ: ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਚਰਨਜੀਤ ਚੰਨੀ ਦੀ ਜਵਾਨੀ ਸੰਭਾਲ ਯਾਤਰਾ ਨੂੰ ਲੈ ਕੇ ਤੰਜ ਕਸਿਆ ਹੈ। ਛਠ ਦੇ ਮਹਾਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਲੁਧਿਆਣਾ ਵਿਖੇ ਕੈਬਨਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਤੇ ਕੈਬਨਿਟ ਮੰਤਰੀ ਹਰਦੀਪ ਮੁੰਡੀਆਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਪੱਖੋਵਾਲ ਰੋਡ ਸਥਿਤ ਪੁਲ ਦਾ ਦੌਰਾ ਕੀਤਾ ਗਿਆ ਸੀ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਕ ਕਮੇਟੀ ਦੇ ਸਹਿਯੋਗ ਨਾਲ ਘਾਟ ਤਿਆਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਅਮਨ ਅਰੋੜਾ ਨੇ ਕਾਂਗਰਸ ਪਾਰਟੀ ਵਿਚਾਲੇ ਗੁਟਬਾਜੀ ਨੂੰ ਲੈ ਕੇ ਕਿਹਾ ਕਿ ਸਾਈਕਲ ਯਾਤਰਾ ਦੇ ਸਾਈਕਲ ਦਾ ਟਾਇਰ ਅਤੇ ਹੈਂਡਲ ਕਿਸ ਦੇ ਹੱਥ ਜਾਣਾ ਹੈ। ਇਸੇ ਤਰ੍ਹਾਂ ਉਹਨਾਂ ਨੇ ਪੰਜਾਬ ਭਾਜਪਾ ਪ੍ਰਧਾਨ ਕੇਵਲ ਢਿੱਲੋਂ ਦੇ ਲੁਧਿਆਣਾ ਉੱਤਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦੀਆਂ ਚਰਚਾਵਾਂ ਨੂੰ ਲੈ ਕੇ ਕਿਹਾ ਕਿ ਜੇਕਰ ਕਿਸੇ ਪਾਰਟੀ ਦਾ ਪ੍ਰਧਾਨ ਆਪਣਾ ਹਲਕਾ ਛੱਡ ਕੇ ਕਿਤੇ ਹੋਰ ਜਗ੍ਹਾ ਤੋਂ ਲੜੇ, ਤਾਂ ਹਾਲਾਤ ਖੁਦ ਸਮਝੇ ਜਾ ਸਕਦੇ ਹਨ। ਇਸੇ ਤਰ੍ਹਾਂ, 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੋਂ ਲੋਰੈਂਸ ਗੈਂਗ ਵੱਲੋਂ ਫਿਰੋਤੀ ਮੰਗਣ ਦੇ ਮਾਮਲੇ ਵਿੱਚ ਮੋਹਾਲੀ ਵਿੱਚ ਕੇਸ ਦਰਜ ਹੋਣ ਬਾਰੇ ਉਹਨਾਂ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕੋਲ ਇੰਨੇ ਪੈਸੇ ਕਿੱਥੋਂ ਹਨ। ਉਹ ਤਾਂ ਲੋਕਾਂ ਲਈ ਬੁਨਿਆਦੀ ਸੁਵਿਧਾਵਾਂ ਦੇ ਵਿਕਾਸ ਉੱਪਰ ਕੰਮ ਕਰ ਰਹੇ ਹਨ। ਉਹਨਾਂ ਨੇ ਜੰਮੂ ਕਸ਼ਮੀਰ 'ਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ ਵੀ ਕੀਤੀ। ਜਦ ਕਿ ਛੱਠ ਪੁਰਬ ਨੂੰ ਲੈ ਕੇ ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਵੱਖ-ਵੱਖ ਜਾਤਾਂ ਧਰਮਾਂ ਅਤੇ ਸਮੁਦਾਇਆਂ ਦੇ ਲੋਕ ਰਹਿੰਦੇ ਹਨ। ਸੂਬੇ ਦੀ ਸਰਕਾਰ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ। ਉਹਨਾਂ ਨੇ ਲੋਕਾਂ ਨੂੰ ਮਿਲ ਜੁਲ ਕੇ ਰਹਿਣ ਦੀ ਅਪੀਲ ਕੀਤੀ। ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਹਰਦੀਪ ਮੁੰਡੀਆਂ ਵੱਲੋਂ ਛਠ ਦੇ ਪੁਰਬ ਸਬੰਧੀ ਵਿਸ਼ੇਸ਼ ਹੈਲਪ ਲਾਈਨ ਦਾ ਐਲਾਨ ਵੀ ਕੀਤਾ ਗਿਆ। ਆਯੋਜਕ ਕਮੇਟੀ ਦੇ ਪ੍ਰਧਾਨ ਦੀਪਕ ਕਨੋਜੀਆ ਵੱਲੋਂ ਆਯੋਜਨ ਦੀਆਂ ਤਿਆਰੀਆਂ ਨੂੰ ਲੈ ਕੇ ਸਰਕਾਰ ਦੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ।

'ਵਾਰਿਸ ਪੰਜਾਬ ਦੇ' ਦੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਦਾ ਪੇਚ ਫਸਿਆ

ਵਫ਼ਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨਾਲ ਕਰੇਗਾ ਮੁਲਾਕਾਤ



ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੀ ਅਗਵਾਈ ਹੇਠ ਅਕਾਲੀ ਦਲ ਵਾਰਿਸ ਪੰਜਾਬ ਦੇ (AD-WPD) ਦਾ ਇੱਕ ਵਫ਼ਦ ਅੱਜ ਦੁਪਹਿਰ ਪੰਜਾਬ ਦੇ ਮੁੱਖ ਚੋਣ ਅਧਿਕਾਰੀ (CEO) ਅਨਿੰਦਿਤਾ ਮਿੱਤਰਾ ਨਾਲ ਮੁਲਾਕਾਤ ਕਰਨ ਜਾ ਰਿਹਾ ਹੈ।

ਇਸ ਦੌਰੇ ਦਾ ਮੁੱਖ ਮਕਸਦ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਇੱਕ ਸਿਆਸੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਰੋਕੇ ਜਾਣ ਦੇ ਕਾਰਨਾਂ ਦਾ ਪਤਾ ਲਗਾਉਣਾ ਹੈ। ਇਸ ਦੀ ਪੁਸ਼ਟੀ ਕਰਦਿਆਂ ਇਆਲੀ ਨੇ ਕਿਹਾ, "ਅਸੀਂ ਅੱਜ ਦੁਪਹਿਰ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਜਾ ਰਹੇ ਹਾਂ ਤਾਂ ਜੋ ਸਾਡੇ ਸਿਆਸੀ ਸਮੂਹ ਦੀ ਕਾਰਜਸ਼ੈਲੀ ਵਿਰੁੱਧ ਲੱਗੇ ਇਤਰਾਜ਼ਾਂ ਬਾਰੇ ਜਾਣਿਆ ਜਾ ਸਕੇ ਅਤੇ ਇਸ 'ਤੇ ਚਰਚਾ ਕੀਤੀ ਜਾ ਸਕੇ।"

ਇਹ ਕਦਮ ਚੋਣ ਕਮਿਸ਼ਨ ਵੱਲੋਂ ਮੰਗਲਵਾਰ ਨੂੰ ਦਿੱਲੀ ਹਾਈ ਕੋਰਟ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਵਿੱਚ ਕਮਿਸ਼ਨ ਨੇ ਦੱਸਿਆ ਸੀ ਕਿ ਉਸ ਨੂੰ ਅਕਾਲੀ ਦਲ (ਵਾਰਿਸ ਪੰਜਾਬ ਦੇ) ਵਿਰੁੱਧ "ਗੰਭੀਰ ਅਤੇ ਬੇਹੱਦ ਸੰਵੇਦਨਸ਼ੀਲ" ਜਾਣਕਾਰੀ (einput) ਮਿਲੀ ਹੈ, ਅਤੇ ਇਸ ਜਥੇਬੰਦੀ ਨੂੰ ਸਿਆਸੀ ਪਾਰਟੀ ਵਜੋਂ ਰਜਿਸਟਰ ਕਰਨ ਨਾਲ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ 'ਤੇ ਮਾੜਾ ਅਸਰ ਪੈ ਸਕਦਾ ਹੈ।

ਚੋਣ ਪੈਨਲ ਨੇ ਕਿਹਾ ਕਿ ਜਦੋਂ ਰਜਿਸਟ੍ਰੇਸ਼ਨ ਦੀ ਅਰਜ਼ੀ ਵਿਚਾਰ ਅਧੀਨ ਸੀ, ਤਾਂ ਜੁਲਾਈ ਵਿੱਚ ਉਸ ਨੂੰ ਕੁਝ ਸੂਚਨਾਵਾਂ ਮਿਲੀਆਂ ਸਨ ਜਿਨ੍ਹਾਂ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਇਸ ਜਥੇਬੰਦੀ ਦੀਆਂ 'ਜੜ੍ਹਾਂ ਵੱਖਵਾਦ ਵਿੱਚ ਹਨ', ਇਸ ਦੀ ਸਥਾਪਨਾ ਕੌਮੀ ਸੁਰੱਖਿਆ ਐਕਟ (NSA) ਤਹਿਤ ਨਜ਼ਰਬੰਦ ਵਿਅਕਤੀਆਂ ਵੱਲੋਂ ਕੀਤੀ ਗਈ ਹੈ, ਅਤੇ ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾ ਪ੍ਰਤੀ ਇਸ ਦੀ ਵਫ਼ਾਦਾਰੀ ਨੂੰ ਲੈ ਕੇ ਗੰਭੀਰ ਚਿੰਤਾਵਾਂ ਜਤਾਈਆਂ ਗਈਆਂ ਸਨ।

ਚੋਣ ਕਮਿਸ਼ਨ ਨੇ ਕਿਹਾ ਕਿ ਭਾਵੇਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ (CEO) ਨੇ 27 ਅਪ੍ਰੈਲ ਨੂੰ ਇਸ ਜਥੇਬੰਦੀ ਬਾਰੇ ਸਕਾਰਾਤਮਕ ਤਸਦੀਕ ਰਿਪੋਰਟ ਦਿੱਤੀ ਸੀ, ਪਰ ਜਥੇਬੰਦੀ ਦੀਆਂ "ਵੱਖਵਾਦੀ ਜੜ੍ਹਾਂ" ਬਾਰੇ ਇਤਰਾਜ਼ 9 ਜੁਲਾਈ ਨੂੰ ਪ੍ਰਾਪਤ ਹੋਇਆ ਸੀ, ਜਿਸ ਤੋਂ ਬਾਅਦ ਸੀ.ਈ.ਓ. (CEO) ਨੂੰ "ਵਿਆਪਕ ਪਿਛੋਕੜ ਜਾਂਚ" ਕਰਨ ਅਤੇ ਵਿਸਥਾਰਪੂਰਵਕ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਗਏ ਸਨ।

ਚੋਣ ਕਮਿਸ਼ਨ ਨੇ ਦੱਸਿਆ ਕਿ ਇਸ ਜਾਂਚ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ। ਚੋਣ ਕਮਿਸ਼ਨ ਵੱਲੋਂ ਇਹ ਪੱਖ ਜਸਟਿਸ ਸੌਰਭ ਬੈਨਰਜੀ ਦੀ ਅਦਾਲਤ ਵਿੱਚ ਦਾਇਰ ਕੀਤੇ ਗਏ ਦੋ ਵੱਖ-ਵੱਖ ਹਲਫ਼ਨਾਮਿਆਂ ਵਿੱਚ ਰੱਖਿਆ ਗਿਆ, ਜਿਨ੍ਹਾਂ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 11 ਜਨਵਰੀ, 2027 ਲਈ ਤੈਅ ਕੀਤੀ ਹੈ।

ਇਹ ਹਲਫ਼ਨਾਮੇ ਚੋਣ ਕਮਿਸ਼ਨ ਵੱਲੋਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਉਸ ਪਟੀਸ਼ਨ ਦੇ ਜਵਾਬ ਵਿੱਚ ਦਾਇਰ ਕੀਤੇ ਗਏ ਹਨ, ਜਿਸ ਵਿੱਚ ਚੋਣ ਕਮਿਸ਼ਨ ਨੂੰ ਪਾਰਟੀ ਦੀ 22 ਜਨਵਰੀ, 2025 ਦੀ ਅਰਜ਼ੀ 'ਤੇ ਇੱਕ ਹਫ਼ਤੇ ਦੀ ਸਮਾਂ-ਸੀਮਾ ਅੰਦਰ ਫ਼ੈਸਲਾ ਲੈਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

ਇਹ ਘਟਨਾਕ੍ਰਮ ਅਜਿਹੇ ਸਮੇਂ ਵਾਪਰਿਆ ਹੈ ਜਦੋਂ ਸੂਬੇ ਵਿੱਚ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ, ਕਿਉਂਕਿ ਅਕਾਲੀ ਦਲ ਵਾਰਿਸ ਪੰਜਾਬ ਦੇ (ਅਧ-ਾਂਫਧ) ਨੇ ਰਸਮੀ ਤੌਰ 'ਤੇ ਐਲਾਨ ਕੀਤਾ ਹੈ ਕਿ 'ਵਾਰਿਸ ਪੰਜਾਬ ਦੇ' ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਦਾਦੀ ਚਰਨ ਕੌਰ ਦਾ ਅੰਤਿਮ ਸੰਸਕਾਰ ਉਦੋਂ ਤੱਕ ਮੁਲਤਵੀ ਰੱਖਿਆ ਗਿਆ ਹੈ, ਜਦੋਂ ਤੱਕ ਉਨ੍ਹਾਂ ਨੂੰ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਲਈ ਪੈਰੋਲ ਨਹੀਂ ਮਿਲ ਜਾਂਦੀ।

'ਆਪ' ਨੇ 2 ਸੰਸਦ ਮੈਂਬਰਾਂ ਅਤੇ 4 ਮਹਿਲਾ ਉਮੀਦਵਾਰਾਂ ਨੂੰ ਦਿੱਤੀ ਟਿਕਟ

ਲੰਬੀ ਤੋਂ ਖੁੱਡੀਆਂ ਦਾ ਪੱਤਾ ਕੱਟਿਆ



ਆਮ ਆਦਮੀ ਪਾਰਟੀ ਨੇ ਵੀਰਵਾਰ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ 31 ਉਮੀਦਵਾਰਾਂ ਦੀ ਆਪਣੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿੱਚ ਦੋ ਸੰਸਦ ਮੈਂਬਰਾਂ ਅਤੇ ਚਾਰ ਮਹਿਲਾ ਉਮੀਦਵਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਫਗਵਾੜਾ ਤੋਂ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਬਰਨਾਲਾ ਤੋਂ ਚੋਣ ਲੜਨਗੇ। ਇਸ ਸੂਚੀ ਵਿੱਚ ਲੰਬੀ ਹਲਕੇ ਤੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਥਾਂ ਉਨ੍ਹਾਂ ਦੇ ਭਤੀਜੇ ਰਣਧੀਰ ਸਿੰਘ ਧੀਰਾ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਦੂਜੀ ਸੂਚੀ ਵਿੱਚ ਚਾਰ ਮਹਿਲਾ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਵੀ ਕੀਤਾ ਗਿਆ ਹੈ। ਜਗਰਾਉਂ ਤੋਂ ਸਰਵਜੀਤ ਕੌਰ ਮਾਣੂੰਕੇ, ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਾਬਕਾ ਵਿਧਾਇਕਾ ਵਨਿੰਦਰ ਕੌਰ ਲੂੰਬਾ, ਰਾਜਾਸਾਂਸੀ ਤੋਂ ਸੋਨੀਆ ਮਾਨ ਅਤੇ ਫਿਲੌਰ ਤੋਂ ਹਰਜੋਤ ਕੌਰ ਲੋਹਟੀਆ ਚੋਣ ਮੈਦਾਨ ਵਿੱਚ ਨਿੱਤਰਨਗੀਆਂ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰਾਂ ਦੀ ਕੁੱਲ ਗਿਣਤੀ 71 ਹੋ ਗਈ ਹੈ। ਜ਼ਿਕਰਯੋਗ ਹੈ ਕਿ ਪਾਰਟੀ ਵੱਲੋਂ 40 ਉਮੀਦਵਾਰਾਂ ਦੀ ਪਹਿਲੀ ਸੂਚੀ 31 ਅਕਤੂਬਰ ਨੂੰ ਜਾਰੀ ਕੀਤੀ ਗਈ ਸੀ।

MP ਅੰਮ੍ਰਿਤਪਾਲ ਦੀ ਅੰਤਰਿਮ ਜ਼ਮਾਨਤ ਪਟੀਸ਼ਨ 'ਤੇ ਹੋਈ ਸੁਣਵਾਈ, ਕੋਰਟ ਨੇ ਪੰਜਾਬ ਸਰਕਾਰ ਤੋਂ ਮੰਗਿਆ ਜਵਾਬ



ਖਾਲਸਾ ਦੀ ਅੰਤਰਿਮ ਜ਼ਮਾਨਤ ਪਟੀਸ਼ਨ 'ਤੇ ਵੀਰਵਾਰ ਨੂੰ ਅੰਮ੍ਰਿਤਸਰ ਦੀ ਇੱਕ ਅਦਾਲਤ ਵਿੱਚ ਸੁਣਵਾਈ ਹੋਈ। ਵਧੀਕ ਸੈਸ਼ਨ ਜੱਜ ਮਹੇਸ਼ ਕੁਮਾਰ ਨੇ ਪੰਜਾਬ ਸਰਕਾਰ ਨੂੰ ਜਵਾਬ ਦਾਖਲ ਕਰਨ ਲਈ ਕੱਲ੍ਹ ਤੱਕ ਦਾ ਸਮਾਂ ਦਿੰਦੇ ਹੋਏ ਸੁਣਵਾਈ ਮੁਲਤਵੀ ਕਰ ਦਿੱਤੀ। ਹੁਣ ਸ਼ੁੱਕਰਵਾਰ ਨੂੰ ਸਰਕਾਰ ਦਾ ਪੱਖ ਆਉਣ ਤੋਂ ਬਾਅਦ ਪਟੀਸ਼ਨ 'ਤੇ ਬਹਿਸ ਹੋਵੇਗੀ। ਅੰਮ੍ਰਿਤਪਲ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

ਵਕੀਲ ਕਰਮਵੀਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਪਾਲ ਦੀ ਦਾਦੀ ਮਾਤਾ ਚਰਨ ਕੌਰ ਦਾ ਦੇਹਾਂਤ ਹੋ ਗਿਆ ਹੈ। ਪਰਿਵਾਰਕ ਰਸਮਾਂ ਮੁਤਾਬਕ ਉਨ੍ਹਾਂ ਦਾ ਅੰਤਿਮ ਸੰਸਕਾਰ 14 ਨਵੰਬਰ ਨੂੰ ਹੋਵੇਗਾ, ਅਸਥੀਆਂ ਦਾ ਜਲ ਪ੍ਰਵਾਹ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਸ਼ੁਰੂਆਤ 15 ਨਵੰਬਰ ਨੂੰ ਹੋਵੇਗੀ। ਭੋਗ ਅਤੇ ਅੰਤਿਮ ਅਰਦਾਸ 17 ਨਵੰਬਰ ਨੂੰ ਹੋਣੀ ਹੈ।

ਅੰਮ੍ਰਿਤਪਾਲ ਸਿੰਘ, ਹਰਜੀਤ ਸਿੰਘ ਅਤੇ ਸੁਖਮਨਦੀਪ ਸਿੰਘ ਨੇ ਇਨ੍ਹਾਂ ਰਸਮਾਂ ਵਿੱਚ ਸ਼ਾਮਲ ਹੋਣ ਲਈ ਮਨੁੱਖੀ ਆਧਾਰ 'ਤੇ 14 ਤੋਂ 17 ਨਵੰਬਰ ਤੱਕ ਅੰਤਰਿਮ ਜ਼ਮਾਨਤ ਦੀ ਬੇਨਤੀ ਕੀਤੀ ਹੈ। ਕਰਮਵੀਰ ਸਿੰਘ ਨੇ ਕਿਹਾ ਕਿ ਇਹ ਕੋਈ ਸਿਆਸੀ ਮਾਮਲਾ ਨਹੀਂ ਹੈ, ਸਗੋਂ ਇੱਕ ਪਰਿਵਾਰਕ ਅਤੇ ਮਨੁੱਖੀ ਮਾਮਲਾ ਹੈ। ਅਜਿਹੇ ਸਮੇਂ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਜ਼ਰੂਰੀ ਹੈ।

ਵਕੀਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਾਤਾ ਚਰਨ ਕੌਰ ਦੇ ਗੰਭੀਰ ਬਿਮਾਰ ਹੋਣ 'ਤੇ ਵੀ ਜ਼ਮਾਨਤ ਪਟੀਸ਼ਨ ਦਾ ਵਿਰੋਧ ਕੀਤਾ ਸੀ। ਉਸ ਸਮੇਂ, ਅਦਾਲਤ ਨੇ 10 ਮਿੰਟ ਦੀ ਵੀਡੀਓ ਕਾਲ ਦੀ ਇਜਾਜ਼ਤ ਦਿੱਤੀ ਸੀ, ਪਰ ਪ੍ਰਸ਼ਾਸਨ ਸਮੇਂ ਸਿਰ ਇਸ ਦਾ ਪ੍ਰਬੰਧ ਕਰਨ ਵਿੱਚ ਅਸਫਲ ਰਿਹਾ। ਉਨ੍ਹਾਂ ਮੁਤਾਬਕ ਵੀਡੀਓ ਕਾਲ 'ਤੇ ਸਿਰਫ਼ 15 ਦਿਨਾਂ ਬਾਅਦ ਗੱਲ ਕਰਾਈ ਗਈ, ਜਦੋਂ ਮਾਤਾ ਚਰਨ ਕੌਰ ਬੇਹੋਸ਼ ਹੋ ਗਈ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਮਾਨਤ ਨਾ ਮਿਲਣ ਦੀ ਸੂਰਤ ਵਿੱਚ ਅੰਤਿਮ ਸੰਸਕਾਰ ਵਿੱਚ ਦੇਰੀ ਕਰਨ ਦਾ ਫੈਸਲਾ ਅਦਾਲਤ ਦੇ ਹੁਕਮ ਤੋਂ ਬਾਅਦ ਹੀ ਕੀਤਾ ਜਾਵੇਗਾ।

ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੀ ਧੀ ਨੂੰ ਜਾਨੋਂ ਮਾਰਨ ਦੀ ਧਮਕੀ

ਨਾਮੀ ਗੈਂਗ ਨੇ ਮੰਗੀ 7 ਕਰੋੜ ਰੁਪਏ ਦੀ ਫਿਰੌਤੀ



ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਧੀ ਹਰਸ਼ਿਤਾ ਕੇਜਰੀਵਾਲ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਨਾਮੀ ਗੈਂਗ ਦਾ ਮੈਂਬਰ ਹੋਣ ਦਾ ਦਾਅਵਾ ਕਰਨ ਵਾਲੇ ਮੁਲਜ਼ਮ ਨੇ ਦਿੱਲੀ ਦੇ ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਨੂੰ ਫ਼ੋਨ ਕਰਕੇ ਇੱਕ ਵਟਸਐਪ ਸੁਨੇਹਾ ਭੇਜਿਆ। ਮੁਲਜ਼ਮ ਨੇ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੀ ਧੀ ਨੂੰ 7 ਕਰੋੜ ਰੁਪਏ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਸ਼ਿਕਾਇਤ ਦੇ ਆਧਾਰ 'ਤੇ ਮੋਹਾਲੀ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਇੱਕ ਅਣਪਛਾਤੇ ਦੋਸ਼ੀ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਵਿਧਾਇਕ ਜਰਨੈਲ ਸਿੰਘ ਨੇ ਮੋਹਾਲੀ ਦੇ ਐਸਐਸਪੀ ਨੂੰ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਨਿੱਜੀ ਮੋਬਾਈਲ ਨੰਬਰ 'ਤੇ ਇੱਕ ਕਾਲ ਆਈ ਅਤੇ ਵਟਸਐਪ 'ਤੇ ਇੱਕ ਧਮਕੀ ਭਰਿਆ ਸੁਨੇਹਾ ਵੀ ਭੇਜਿਆ ਗਿਆ। ਵਟਸਐਪ 'ਤੇ ਦੋਸ਼ੀ ਦਾ ਪ੍ਰੋਫਾਈਲ ਨਾਮ 'ਐੱਚ' ਸੀ। ਸ਼ਿਕਾਇਤਕਰਤਾ ਦੇ ਅਨੁਸਾਰ, ਨਾਮੀ ਗੈਂਗ ਦਾ ਮੈਂਬਰ ਹੋਣ ਦਾ ਦਾਅਵਾ ਕਰਨ ਵਾਲੇ ਨੇ ਲਿਖਤੀ ਸੁਨੇਹਾ ਭੇਜਿਆ, ਜਿਸ ਵਿੱਚ ਸੱਤ ਕਰੋੜ ਰੁਪਏ ਦੀ ਮੰਗ ਕੀਤੀ ਗਈ ਅਤੇ ਕਤਲ ਦੀ ਧਮਕੀ ਦੁਹਰਾਈ ਗਈ।

ਵਿਧਾਇਕ ਨੇ ਸ਼ਿਕਾਇਤ ਵਿੱਚ ਕਿਹਾ ਕਿ ਦੋਸ਼ੀ ਨੇ ਕੇਜਰੀਵਾਲ ਨੂੰ ਫਿਰੌਤੀ ਦੀ ਮੰਗ ਅਤੇ ਧਮਕੀ ਦੇਣ ਲਈ ਜਨਤਕ ਪ੍ਰਤੀਨਿਧੀ ਵਜੋਂ ਆਪਣੇ ਅਹੁਦੇ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਦੋਸ਼ੀ ਅਤੇ ਉਸਦੇ ਸਾਥੀਆਂ ਵਿਰੁੱਧ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ। ਮੁੱਢਲੀ ਜਾਂਚ ਦੇ ਆਧਾਰ 'ਤੇ, ਪੁਲਿਸ ਨੂੰ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 308(4), 351(2), 351(3), 351(4), 111(2) ਅਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 66D ਦੇ ਤਹਿਤ ਅਪਰਾਧ ਮਿਲੇ। ਮਾਮਲੇ ਵਿੱਚ ਮੋਬਾਈਲ ਨੰਬਰ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ।

'ਜਵਾਨੀ ਸੰਭਾਲ ਸਾਈਕਲ ਯਾਤਰਾ' ਸ੍ਰੀ ਚਮਕੌਰ ਸਾਹਿਬ ਤੋਂ ਸ਼ੁਰੂ, ਚੰਨੀ ਨੇ ਕਿਹਾ-"ਇਹ ਸਿਰਫ਼ ਮੇਰੀ ਨਹੀਂ, ਪੂਰੀ ਕਾਂਗਰਸ ਦੀ ਯਾਤਰਾ ਹੈ"



ਜਲੰਧਰ ਤੋਂ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ 8 ਦਿਨਾਂ 'ਜਵਾਨੀ ਸੰਭਾਲ ਸਾਈਕਲ ਯਾਤਰਾ' ਅੱਜ, 12 ਨਵੰਬਰ 2026

650ਵੀਂ ਗੁਰੂ ਰਵਿਦਾਸ ਜਯੰਤੀ 'ਤੇ 15 ਗੁਰਦੁਆਰਿਆਂ 'ਚ ਹੋਣਗੇ ਗੁਰਮਤਿ ਸਮਾਗਮ, SGPC ਨੇ ਬਣਾਈ ਰਣਨੀਤੀ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਏਗੀ। ਇਸ ਦੇ ਹਿੱਸੇ ਵਜੋਂ 14 ਨਵੰਬਰ, 2026 ਤੋਂ 18 ਫਰਵਰੀ, 2027 ਤੱਕ ਪੰਜਾਬ ਭਰ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ 15 ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਕੀਰਤਨ ਦਰਬਾਰ ਆਯੋਜਿਤ ਕੀਤੇ ਜਾਣਗੇ। ਮੁੱਖ ਸਮਾਗਮ 19 ਅਤੇ 20 ਫਰਵਰੀ 2027 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਵੇਗਾ।

ਇਨ੍ਹਾਂ ਸਮਾਗਮਾਂ ਦੀ ਤਿਆਰੀ ਅਤੇ ਸੰਗਤ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਬੁੱਧਵਾਰ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਇੱਕ ਸਬ-ਕਮੇਟੀ ਦੀ ਮੀਟਿੰਗ ਹੋਈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸਮਾਗਮ 14 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸ਼ੁਰੂ ਹੋਣਗੇ। ਇਸ ਤੋਂ ਬਾਅਦ 29 ਨਵੰਬਰ ਨੂੰ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ, 5 ਦਸੰਬਰ ਨੂੰ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਬੰਗਾ ਅਤੇ 8 ਦਸੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਮਾਓ ਸਾਹਿਬ ਵਿਖੇ ਸਮਾਗਮ ਹੋਣਗੇ।

2027 ਵਿੱਚ 2 ਜਨਵਰੀ ਨੂੰ ਗੁਰਦੁਆਰਾ ਸ਼੍ਰੀ ਅੰਬ ਸਾਹਿਬ, ਮੋਹਾਲੀ, 5 ਜਨਵਰੀ ਨੂੰ ਗੁਰਦੁਆਰਾ ਸ਼ਹੀਦਾਂ ਲੱਧੇਵਾਲ, ਮਾਹਿਲਪੁਰ, 10 ਜਨਵਰੀ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਲੁਧਿਆਣਾ ਅਤੇ 14 ਜਨਵਰੀ ਨੂੰ ਗੁਰਦੁਆਰਾ ਸੰਗ ਜੀ ਢੇਸੀਆਂ ਵਿਚ ਸਮਾਗਮ ਕਰਵਾਏ ਜਾਣਗੇ।

ਇਸੇ ਲੜੀ ਵਿੱਚ 22 ਜਨਵਰੀ ਨੂੰ ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਜੀ ਬਰਨਾਲਾ, 23 ਜਨਵਰੀ ਨੂੰ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਸਤਕਾਰੀਆ ਬਟਾਲਾ, 24 ਜਨਵਰੀ ਨੂੰ ਤਖ਼ਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, 30 ਜਨਵਰੀ ਨੂੰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਅਤੇ 7 ਫਰਵਰੀ ਨੂੰ ਗੁਰਦੁਆਰਾ ਜਾਮਨੀ ਸਾਹਿਬ, ਬਜੀਦਪੁਰ ਵਿਖੇ ਪ੍ਰੋਗਰਾਮ ਕਰਵਾਏ ਜਾਣਗੇ।

ਇਸ ਤੋਂ ਇਲਾਵਾ 14 ਫਰਵਰੀ ਨੂੰ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਵਿੱਚ ਅਤੇ 18 ਫਰਵਰੀ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਜਾਵੇਗਾ।

USA 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਣਅਧਿਕਾਰਤ ਸਰੂਪ ਛਾਪਣ ਦੇ ਮਾਮਲੇ 'ਚ ਜਤਿੰਦਰ ਸਚਦੇਵਾ ਤਲਬ



ਯੂਐੱਸਏ ਵਿੱਚ ਅਣਅਧਿਕਾਰਤ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਅਤੇ ਸਰੂਪ ਸੰਗਤ ਨੂੰ ਵੰਡਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਊਯਾਰਕ, ਯੂਐੱਸਏ ਨਿਵਾਸੀ ਜਤਿੰਦਰ ਸਿੰਘ ਸਚਦੇਵਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 10 ਦਸੰਬਰ ਤੱਕ ਨਿੱਜੀ ਰੂਪ ਵਿੱਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਗਿਆ ਹੈ।

ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਦੇਸ਼ ਦੀ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਜਿਸ ਤੋਂ ਬਾਅਦ ਇਸ ਸਬੰਧੀ ਫ਼ੈਸਲਾ ਲਿਆ ਗਿਆ। ਇਸ ਸਬੰਧ ਵਿੱਚ ਸ਼ਿਕਾਇਤ ਪੁੱਜੀ ਸੀ ਕਿ ਜਤਿੰਦਰ ਸਿੰਘ ਸਚਦੇਵਾ ਵੱਲੋਂ ਘਰ ਅੰਦਰ ਧਰਮਸਾਲ ਸੰਸਥਾ ਦੇ ਨਾਂ ਹੇਠ ਅਣਅਧਿਕਾਰਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪੇ ਅਤੇ ਸੰਗਤ ਨੂੰ ਵੰਡੇ ਜਾ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਇਸ ਸਬੰਧੀ ਜਾਰੀ ਹੋਏ ਆਦੇਸ਼ ਵਿੱਚ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਮਿਤੀ 09 ਮਈ 1998 ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਦਾ ਅਧਿਕਾਰ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਜਤਿੰਦਰ ਸਿੰਘ ਨੂੰ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਮਨਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਕੀਤੀ ਜਾ ਰਹੀ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਹੈ ਅਤੇ ਪੰਥ ਵਿੱਚ ਦੁਫੇੜ ਪਾਉਣ ਵਾਲੀ ਕਾਰਵਾਈ ਹੈ।

ਇਸ ਦੇ ਮੱਦੇਨਜ਼ਰ ਜਥੇਦਾਰ ਵੱਲੋਂ ਹੋਏ ਆਦੇਸ਼ ਅਨੁਸਾਰ ਜਤਿੰਦਰ ਸਿੰਘ ਸਚਦੇਵਾ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਤੁਰੰਤ ਬੰਦ ਕਰਨ, ਹੁਣ ਤੱਕ ਜਿੰਨੇ ਵੀ ਪਾਵਨ ਸਰੂਪਾਂ ਦੀ ਛਪਾਈ ਕੀਤੀ ਹੈ, ਉਸ ਦਾ ਮੁਕੰਮਲ ਰਿਕਾਰਡ ਲੈ ਕੇ ਮਿਤੀ 10 ਦਸੰਬਰ 2026 ਤੱਕ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿੱਚ ਹਾਜ਼ਰ ਹੋਣ।

ਇਸ ਮਾਮਲੇ ਦੇ ਨਾਲ ਹੀ ਸਬੰਧਤ ਇੱਕ ਹੋਰ ਵੱਖਰੇ ਆਦੇਸ਼ ਵਿੱਚ ਯੂਐੱਸਏ ਨਿਵਾਸੀ ਬਾਬਾ ਸੱਜਣ ਸਿੰਘ, ਗਿਆਨੀ ਭੁਪਿੰਦਰ ਸਿੰਘ, ਜਤਿੰਦਰ ਸਿੰਘ, ਹਰਬੰਸ ਸਿੰਘ, ਹਰਚਰਨ ਸਿੰਘ ਅਤੇ ਗੁਰਦੇਵ ਸਿੰਘ ਕੋਲੋਂ 15 ਦਿਨਾਂ ਦੇ ਵਿੱਚ-ਵਿੱਚ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਹੈ। ਇਸ ਆਦੇਸ਼ ਵਿੱਚ ਕਿਹਾ ਗਿਆ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਨ੍ਹਾਂ ਵੱਲੋਂ ਜਤਿੰਦਰ ਸਿੰਘ ਸਚਦੇਵਾ ਨਾਮੀ ਵਿਅਕਤੀ ਕੋਲ ਜਾ ਕੇ ਉਸ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਕਰਦਿਆਂ ਅਣਅਧਿਕਾਰਤ ਤੌਰ 'ਤੇ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਸਬੰਧੀ ਆਪਣੇ ਆਪ ਅਥਾਰਟੀ ਬਣ ਕੇ ਉਸ ਦੀ ਸ਼ਲਾਘਾ ਕੀਤੀ ਗਈ। ਇਸ ਲਈ ਇਨ੍ਹਾਂ ਨੂੰ 15 ਦਿਨਾਂ ਦੇ ਵਿੱਚ-ਵਿੱਚ ਆਪਣੇ ਲਿਖਤੀ ਸਪੱਸ਼ਟੀਕਰਨ ਸਕੱਤਰੇਤ ਵਿਖੇ ਭੇਜਣ ਲਈ ਕਿਹਾ ਗਿਆ ਹੈ।

'ਵਾਰਿਸ ਪੰਜਾਬ ਦੇ' ਨੇ ਕੀਤਾ ਐਲਾਨ

ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਮਿਲਣ ਤੱਕ ਨਹੀਂ ਹੋਵੇਗਾ ਦਾਦੀ ਦਾ ਸਸਕਾਰ





ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੇ ਰਸਮੀ ਤੌਰ 'ਤੇ ਐਲਾਨ ਕੀਤਾ ਹੈ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਦਾਦੀ ਚਰਨ ਕੌਰ ਦਾ ਅੰਤਿਮ ਸੰਸਕਾਰ ਉਦੋਂ ਤੱਕ ਰੋਕ ਦਿੱਤਾ ਗਿਆ ਹੈ, ਜਦੋਂ ਤੱਕ ਅੰਮ੍ਰਿਤਪਾਲ ਨੂੰ ਪੈਰੋਲ ਨਹੀਂ ਮਿਲ ਜਾਂਦੀ।

ਦਰਖ਼ਤ ਤੇ ਵਿਧਾਇਕ ਅਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਪ੍ਰਮੁੱਖ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ। ਅੱਜ ਜਾਰੀ ਕੀਤੇ ਗਏ ਇੱਕ ਰਸਮੀ ਬਿਆਨ ਵਿੱਚ ਇਆਲੀ ਨੇ ਕਿਹਾ ਕਿ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ (ਜੋ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ) ਨੂੰ ਪੈਰੋਲ ਮਿਲਣ ਤੱਕ ਉਨ੍ਹਾਂ ਦੀ ਦਾਦੀ ਚਰਨ ਕੌਰ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ।

ਇਆਲੀ ਨੇ ਕਿਹਾ, "ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਹੈ ਕਿ ਮ੍ਰਿਤਕ ਦੇਹ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਅਸੀਂ ਸੂਬਾ ਅਤੇ ਕੇਂਦਰ ਸਰਕਾਰਾਂ ਦੇ ਨਾਲ-ਨਾਲ ਨਿਆਂਪਾਲਿਕਾ ਨੂੰ ਵੀ ਅਪੀਲ ਕਰਦੇ ਹਾਂ ਕਿ ਅੰਮ੍ਰਿਤਪਾਲ ਨੂੰ ਆਪਣੀ ਦਾਦੀ ਦੀਆਂ ਅੰਤਿਮ ਰਸਮਾਂ ਨਿਭਾਉਣ ਲਈ ਪਰਿਵਾਰ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ।"

ਇਆਲੀ ਨੇ ਕਿਹਾ ਕਿ ਅੰਮ੍ਰਿਤਪਾਲ ਇੱਕ ਚੁਣੇ ਹੋਏ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਦੇ ਹਲਕੇ ਦੇ ਲੋਕਾਂ ਨੇ ਵੋਟਾਂ ਪਾ ਕੇ ਉਨ੍ਹਾਂ ਨੂੰ ਜਿਤਾਇਆ ਹੈ। ਉਨ੍ਹਾਂ ਸਵਾਲ ਕੀਤਾ, "ਜੇਕਰ ਕਤਲ ਅਤੇ ਜਬਰ-ਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਇੱਕ ਵਿਵਾਦਗ੍ਰਸਤ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਅਤੇ ਫਰਲੋ ਦਿੱਤੀ ਜਾ ਸਕਦੀ ਹੈ, ਤਾਂ ਆਪਣੇ ਹਲਕੇ ਦੇ ਲੋਕਾਂ ਵੱਲੋਂ ਚੁਣੇ ਗਏ ਇੱਕ ਆਗੂ ਨੂੰ ਆਪਣੀ ਦਾਦੀ ਦੇ ਸਸਕਾਰ ਵਿੱਚ ਸ਼ਾਮਲ ਹੋਣ ਲਈ ਜ਼ਮਾਨਤ ਦੇਣ ਵਿੱਚ ਕੀ ਦਿੱਕਤ ਹੈ?"

ਜ਼ਿਕਰਯੋਗ ਹੈ ਕਿ 87 ਸਾਲਾ ਚਰਨ ਕੌਰ ਦਾ 8 ਨਵੰਬਰ ਨੂੰ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਸੀ।

ਸਾਬਕਾ SSP ਗੁਰਮੀਤ ਸਿੰਘ ਰੰਧਾਵਾ ਦੋਸ਼ੀ ਕਰਾਰ, 34 ਸਾਲ ਪੁਰਾਣਾ ਅਮਰੀਕ ਸਿੰਘ ਲਾਪਤਾ ਮਾਮਲਾ



ਮੋਹਾਲੀ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਨੇ ਪੰਜਾਬ ਵਿੱਚ ਪੁਲਿਸ ਹਿਰਾਸਤ ਵਿੱਚੋਂ ਲਾਪਤਾ ਹੋਣ ਦੇ ਇੱਕ ਲੰਬੇ ਸਮੇਂ ਤੋਂ ਚੱਲ ਰਹੇ ਮਾਮਲੇ ਵਿੱਚ ਇੱਕ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ 1992 ਵਿੱਚ ਲੁਧਿਆਣਾ ਦੇ ਟਰਾਂਸਪੋਰਟਰ ਅਮਰੀਕ ਸਿੰਘ ਸਕਰੀ ਦੇ ਅਗਵਾ ਅਤੇ ਲਾਪਤਾ ਹੋਣ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਸਾਬਕਾ ਐਸਐਸਪੀ ਗੁਰਮੀਤ ਸਿੰਘ ਰੰਧਾਵਾ ਨੂੰ ਦੋਸ਼ੀ ਠਹਿਰਾਇਆ ਹੈ।

ਉਸਦੇ ਸੁਰੱਖਿਆ ਗਾਰਡ ਪਰਮਿੰਦਰਜੀਤ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਸ਼ੱਕ ਦਾ ਲਾਭ ਦਿੰਦੇ ਹੋਏ, ਬਰੀ ਕਰ ਦਿੱਤਾ ਗਿਆ। ਅਦਾਲਤ 12 ਨਵੰਬਰ ਨੂੰ ਦੋਸ਼ੀ ਸਾਬਕਾ ਐਸਐਸਪੀ ਨੂੰ ਸਜ਼ਾ ਸੁਣਾਏਗੀ। ਸੀਬੀਆਈ ਜਾਂਚ ਮੁਤਾਬਕ ਅਮਰੀਕ ਸਿੰਘ ਦੇ ਅਗਵਾ ਦੀ ਤੁਰੰਤ ਟੈਲੀਗ੍ਰਾਮ ਰਾਹੀਂ ਸੀਨੀਅਰ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਗਈ ਸੀ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ ਕਈ ਸੀਨੀਅਰ ਅਧਿਕਾਰੀਆਂ ਨਾਲ ਉਸ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਸੰਪਰਕ ਕੀਤਾ ਗਿਆ ਸੀ ਪਰ ਕੋਈ ਫਾਇਦਾ ਨਹੀਂ ਹੋਇਆ।

1996 ਵਿੱਚ ਅਮਰੀਕ ਸਿੰਘ ਦੀ ਪਤਨੀ ਨੇ ਸੁਪਰੀਮ ਕੋਰਟ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ। ਸੁਣਵਾਈ ਦੌਰਾਨ ਸੂਬਾ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਅਮਰੀਕ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਸਰਕਾਰ ਨੇ ਉਸ ਦੇ ਅੰਤਿਮ ਸੰਸਕਾਰ ਨਾਲ ਸਬੰਧਤ ਇਸ਼ਤਿਹਾਰ ਵੀ ਰਿਕਾਰਡ 'ਤੇ ਪੇਸ਼ ਕੀਤੇ। ਹਾਲਾਂਕਿ ਪਰਿਵਾਰ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ।

ਇਸ ਦੌਰਾਨ ਸੁਪਰੀਮ ਕੋਰਟ ਨੇ ਵੱਡੀ ਗਿਣਤੀ ਵਿੱਚ ਲਾਸ਼ਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਐਲਾਨਣ ਤੋਂ ਬਾਅਦ ਸਸਕਾਰ ਕਰਨ ਦੇ ਪੰਜਾਬ ਪੁਲਿਸ ਦੇ ਫੈਸਲੇ ਦੀ ਸੀਬੀਆਈ ਜਾਂਚ ਦੇ ਹੁਕਮ ਦਿੱਤੇ। ਸੀਬੀਆਈ ਨੇ ਅਮਰੀਕ ਸਿੰਘ ਦੇ ਲਾਪਤਾ ਹੋਣ ਦਾ ਮਾਮਲਾ ਵੀ ਆਪਣੇ ਹੱਥ ਵਿੱਚ ਲਿਆ।

ਸੀਬੀਆਈ ਨੇ ਜਨਵਰੀ 1999 ਵਿੱਚ ਮੁੱਢਲੀ ਜਾਂਚ ਦਰਜ ਕੀਤੀ। ਇਸ ਤੋਂ ਬਾਅਦ ਫਰਵਰੀ 2000 ਵਿੱਚ, ਪੁਲਿਸ ਟੀਮ ਵਿਰੁੱਧ ਅਗਵਾ, ਗੈਰ-ਕਾਨੂੰਨੀ ਹਿਰਾਸਤ, ਰਿਕਾਰਡਾਂ ਵਿੱਚ ਜਾਅਲਸਾਜ਼ੀ ਅਤੇ ਅਪਰਾਧਿਕ ਸਾਜ਼ਿਸ਼ ਦੇ ਦੋਸ਼ਾਂ ਵਿੱਚ ਇੱਕ ਨਿਯਮਤ ਕੇਸ ਦਾਇਰ ਕੀਤਾ ਗਿਆ।

2001 ਵਿੱਚ ਸੀਬੀਆਈ ਨੇ ਤਰਨਤਾਰਨ ਦੇ ਤਤਕਾਲੀ ਡੀਐਸਪੀ (ਡੀ), ਖਾਲੜਾ ਥਾਣੇ ਦੇ ਤਤਕਾਲੀ ਐਸਐਚਓ ਗੁਰਮੀਤ ਸਿੰਘ, ਇੰਸਪੈਕਟਰ ਸੂਬਾ ਸਿੰਘ, ਐਸਆਈ ਸੁਰਿੰਦਰ ਸਿੰਘ, ਕਾਂਸਟੇਬਲ ਪਰਮਿੰਦਰਜੀਤ ਸਿੰਘ ਉਰਫ਼ ਬੱਬੂ ਅਤੇ ਏਐਸਆਈ ਜਸਵੰਤ ਸਿੰਘ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਚਾਰਜਸ਼ੀਟ ਵਿੱਚ ਉਸ ਸਮੇਂ ਦੇ ਐਸਐਸਪੀ ਅਜੀਤ ਸਿੰਘ ਸੰਧੂ ਨੂੰ ਅਗਵਾ ਦੀ ਸਾਜ਼ਿਸ਼ ਵਿੱਚ ਮੁੱਖ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ। ਹਾਲਾਂਕਿ ਜਾਂਚ ਦੌਰਾਨ ਉਸ ਦੀ ਮੌਤ ਹੋ ਗਈ। ਮੁਕੱਦਮਾ 2022 ਵਿੱਚ ਸ਼ੁਰੂ ਹੋਇਆ, ਜਿਸ ਵਿੱਚ 47 ਵਿੱਚੋਂ ਸਿਰਫ਼ 16 ਗਵਾਹਾਂ ਨੇ ਗਵਾਹੀ ਦਿੱਤੀ। 2000 ਵਿੱਚ ਦੋਸ਼ੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਸਨ, ਪਰ ਦੋਸ਼ੀ ਪੁਲਿਸ ਅਧਿਕਾਰੀਆਂ ਦੀਆਂ ਪਟੀਸ਼ਨਾਂ ਕਾਰਨ ਉੱਚ ਅਦਾਲਤਾਂ ਦੇ ਹੁਕਮਾਂ ਦੁਆਰਾ ਮੁਕੱਦਮਾ ਰੋਕ ਦਿੱਤਾ ਗਿਆ ਸੀ। ਨਤੀਜੇ ਵਜੋਂ ਮੁਕੱਦਮਾ 2022 ਵਿੱਚ ਹੀ ਸ਼ੁਰੂ ਹੋ ਸਕਿਆ। ਸੀਬੀਆਈ ਨੇ ਮਾਮਲੇ ਵਿੱਚ 47 ਗਵਾਹਾਂ ਦੇ ਨਾਂ ਲਏ ਸਨ, ਪਰ ਮੁਕੱਦਮੇ ਦੌਰਾਨ ਸਿਰਫ਼ 16 ਗਵਾਹੀ ਦੇ ਸਕੇ। ਲੰਮੀ ਦੇਰੀ ਕਾਰਨ ਬਾਕੀ ਬਚੇ ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ ਸੀ। ਜਦੋਂ 2022 ਵਿੱਚ ਮੁਕੱਦਮਾ ਸ਼ੁਰੂ ਹੋਇਆ ਤਾਂ ਸੀਬੀਆਈ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਕਈ ਮੁੱਖ ਸਬੂਤ ਅਦਾਲਤ ਦੇ ਰਿਕਾਰਡਾਂ ਵਿੱਚੋਂ ਗਾਇਬ ਪਾਏ ਗਏ। ਇਨ੍ਹਾਂ ਵਿੱਚ ਗਵਾਹਾਂ ਦੇ ਬਿਆਨ, ਵਿਆਹ ਦੀਆਂ ਫੋਟੋਆਂ ਅਤੇ ਵੀਡੀਓ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਦੀਆਂ ਗੱਡੀਆਂ ਦੀਆਂ ਲੌਗਬੁੱਕਾਂ ਸ਼ਾਮਲ ਸਨ। ਇਨ੍ਹਾਂ ਰਿਕਾਰਡਾਂ ਨੂੰ ਬਾਅਦ ਵਿੱਚ ਹਾਈ ਕੋਰਟ ਦੇ ਹੁਕਮਾਂ 'ਤੇ ਦੁਬਾਰਾ ਬਣਾਇਆ ਗਿਆ। ਲੰਬੇ ਮੁਕੱਦਮੇ ਦੌਰਾਨ ਤਿੰਨ ਦੋਸ਼ੀ ਪੁਲਿਸ ਅਧਿਕਾਰੀਆਂ – ਏਐਸਆਈ ਜਸਵੰਤ ਸਿੰਘ, ਐਸਆਈ ਸੁਰਿੰਦਰ ਸਿੰਘ ਅਤੇ ਇੰਸਪੈਕਟਰ ਸੂਬਾ ਸਿੰਘ – ਦੀ ਮੌਤ ਹੋ ਗਈ। ਬਾਅਦ ਵਿੱਚ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਰੱਦ ਕਰ ਦਿੱਤੀ ਗਈ।

ਸਰਕਾਰ ਦੀ

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਪ੍ਰਿੰ. ਗਿਆਨ ਸਿੰਘ ਘਈ ਦੀ ਪੁਸਤਕ 'ਸ਼ਹੀਦੀ ਰੰਗ' 'ਚ ਸ਼ਹਾਦਤ ਦੇ ਵੱਖ-ਵੱਖ ਰੰਗ



ਡਾ. ਸੁਖਦੇਵ ਸਿੰਘ ਝੰਡ
+1 647-567-9128

ਪ੍ਰਿੰਸੀਪਲ ਗਿਆਨ ਸਿੰਘ ਘਈ ਮੁੱਢਲੇ ਤੌਰ 'ਤੇ ਕਵੀ ਹਨ। ਉਹ ਜ਼ਿਆਦਾਤਰ ਧਾਰਮਿਕ ਤੇ ਇਤਿਹਾਸਕ ਰੰਗਤ 'ਚ ਰੰਗੀਆਂ ਕਵਿਤਾਵਾਂ ਲਿਖਦੇ ਹਨ ਅਤੇ ਕਵੀ-ਦਰਬਾਰਾਂ ਵਿੱਚ ਇਹ ਕਵਿਤਾਵਾਂ ਆਪਣੇ ਵੱਖਰੇ ਅੰਦਾਜ਼ 'ਚ ਪੇਸ਼ ਕਰਦੇ ਹਨ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੰਜੀ ਸਾਹਿਬ ਦੇ ਵਿਸ਼ਾਲ ਹਾਲ ਵਿੱਚ ਕਰਵਾਏ ਜਾਂਦੇ ਕਵੀ-ਦਰਬਾਰਾਂ ਵਿੱਚ ਵੀ ਸ਼ਿਰਕਤ ਕਰਦੇ ਹਨ ਅਤੇ ਇਨ੍ਹਾਂ ਵਿੱਚ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਭਾਰੀ ਦਾਦ ਮਿਲਦੀ ਹੈ। ਇਨ੍ਹਾਂ ਦੀਆਂ ਕਈ ਕਵਿਤਾਵਾਂ ਵੱਖ-ਵੱਖ ਸਮਾਜਿਕ ਪਹਿਲੂਆਂ ਨੂੰ ਵੀ ਬਾਖੂਬੀ ਉਜਾਗਰ ਕਰਦੀਆਂ ਪ੍ਰਿੰਸੀਪਲ ਘਈ ਦੀਆਂ ਕਾਵਿ-ਪੁਸਤਕਾਂ 'ਅਣਖੀਲੇ ਜੋਧੇ' (1992), 'ਸ਼ਹੀਦੀ ਰੰਗ' (1993)। 'ਸਮੇਂ ਦੇ ਰੰਗ' (1995), 'ਗੁਰੂ ਨਾਨਕ ਰੰਗ' (1999, 2002), 'ਅਨੇਕ ਰੰਗ' (2014) ਅਤੇ 'ਕਲਯੁਗ ਦੇ ਰਹਿਬਰ -ਗੁਰੂ ਨਾਨਕ' (2021) ਛਪੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਨੇ ਵਾਰਤਕ ਵਿੱਚ ਵੀ ਹੱਥ ਅਜ਼ਮਾਇਆ ਹੈ। 2021 ਵਿੱਚ ਛਪੀ ਇਨ੍ਹਾਂ ਦੀ ਪੁਸਤਕ 'ਕਲਯੁਗ ਦੇ ਰਹਿਬਰ' ਵਿੱਚ ਵਾਰਤਕ ਤੇ ਕਵਿਤਾ ਦੋਹਾਂ ਦਾ ਰਲ਼ਵਾਂ-ਮਿਲ਼ਵਾਂ ਰੰਗ ਮਾਣਿਆਂ ਜਾ ਸਕਦਾ ਹੈ। ਸਿੱਖ ਇਤਿਹਾਸ ਵਿੱਚ ਸ਼ਹਾਦਤ ਦਾ ਵਿਸ਼ੇਸ਼ ਸਥਾਨ ਹੈ ਅਤੇ ਇਹ ਸਿੱਖਾਂ ਵੱਲੋਂ ਸਮੇਂ-ਸਮੇਂ ਕੀਤੀਆਂ ਗਈਆਂ ਕੁਰਬਾਨੀਆਂ ਨਾਲ ਭਰਪੂਰ ਹੈ। ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਬਲਦੀ ਅੱਗ ਨਾਲ ਲਾਲ ਹੋਈ ਤਵੀ ਉੱਪਰ ਚੌਂਕੜਾ ਮਾਰ ਕੇ ਸਿਰ ਉੱਪਰ ਤੱਤੀ ਰੇਤ ਪਵਾ ਕੇ ਬਿਲਕੁਲ ਸ਼ਾਂਤ-ਚਿੱਤ ਰਹਿੰਦਿਆਂ ਹੋਇਆਂ ਅਲੌਕਿਕ ਸ਼ਹੀਦੀ ਪਾਈ, ਨੂੰ ਇਤਿਹਾਸ ਵਿੱਚ 'ਸ਼ਹੀਦਾਂ ਦੇ ਸਿਰਤਾਜ' ਹੋਣ ਦਾ ਦਰਜਾ ਹਾਸਲ ਹੈ। ਉਨ੍ਹਾਂ ਤੋਂ ਬਾਅਦ ਨੌਵੇਂ ਗੁਰੂ ਤੇਗ਼ ਬਹਾਦਰ ਜੀ ਨੇ ਕੇਵਲ 'ਹਿੰਦ ਦੀ ਚਾਦਰ' ਹੀ ਨਹੀਂ, ਸਗੋਂ 'ਸ੍ਰਿਸ਼ਟੀ ਦੀ ਚਾਦਰ' ਬਣ ਕੇ ਹਿੰਦੂ ਧਰਮ ਦੀ ਰੱਖਿਆ ਕਰਦਿਆਂ ਹੋਇਆਂ ਆਪਣੇ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਲ ਦਿੱਲੀ ਦੇ ਚਾਂਦਨੀ ਚੌਕ ਵਿੱਖੇ ਅਦੁੱਤੀ ਬਲੀਦਾਨ ਦਿੱਤਾ। ਸ਼ਹਾਦਤ ਦੀ ਇਸ ਅਨੋਖੀ 'ਪ੍ਰੰਪਰਾ' ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਜਿਸ ਤਰ੍ਹਾਂ ਅੱਗੇ ਵਧਾਇਆ, ਉਹ ਇਤਿਹਾਸ ਦੇ ਪੰਨਿਆਂ ਉੱਪਰ ਖ਼ੂਨੀ ਅੱਖਰਾਂ ਵਿੱਚ ਅੰਕਿਤ ਹੈ।

ਸਿੱਖ ਇਤਿਹਾਸ ਵਿੱਚ ਸ਼ਹਾਦਤਾਂ ਦੀ ਇਹ ਲੜੀ ਅੱਗੇ ਤੁਰਦੀ ਗਈ ਅਤੇ ਸ਼ਹਾਦਤ ਦਾ ਇਹ ਰੰਗ ਹੋਰ ਗੂੜ੍ਹਾ ਹੁੰਦਾ ਗਿਆ। 'ਗ਼ਦਰ ਲਹਿਰ', 'ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ', 'ਪੰਜਾ ਸਾਹਿਬ ਦਾ ਸਾਕਾ', 'ਗੁਰੂ ਕੇ ਬਾਗ਼ ਦਾ ਮੋਰਚਾ', 'ਬੱਬਰ ਅਕਾਲੀ ਲਹਿਰ', 'ਅਕਾਲੀਆਂ ਦੇ ਮੋਰਚੇ', ਆਦਿ ਦੇ ਇਤਿਹਾਸਕ ਵਰਤਾਰੇ ਹੁੰਦੇ ਰਹੇ ਅਤੇ ਅੱਜੋਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਤੇ ਕਈ ਹੋਰ ਪੰਜਾਬੀਆਂ ਵੱਲੋਂ ਵੱਖ-ਵੱਖ ਸਮੇਂ 80 ਫ਼ੀਸਦੀ ਤੋਂ ਵੀ ਵਧੇਰੇ ਕੁਰਬਾਨੀਆਂ ਦਿੱਤੀਆਂ ਗਈਆਂ। ਸਿੱਖ ਇਤਿਹਾਸ ਅਤੇ ਭਾਰਤ ਦੇ ਇਤਿਹਾਸ ਦੇ ਪੰਨੇ ਇਸ ਦੀ ਭਰਪੂਰ ਗਵਾਹੀ ਭਰਦੇ ਹਨ। ਪ੍ਰਿੰ. ਗਿਆਨ ਸਿੰਘ ਘਈ ਦੀ ਹੱਥਲੀ ਪੁਸਤਕ 'ਸ਼ਹੀਦੀ ਰੰਗ' ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਇਹ ਸਮੁੱਚਾ ਸ਼ਹੀਦੀ ਇਤਿਹਾਸ ਇਸਦੇ 422 ਪੰਨਿਆਂ ਵਿੱਚ ਇੱਕ ਹੀ 'ਪਲੇਟਫ਼ਾਰਮ' ਉੱਪਰ ਵੇਖਿਆ ਪਰਖਿਆ ਜਾ ਸਕਦਾ ਹੈ। ਇਸ ਵਿੱਚ 107 ਸ਼ਹੀਦਾਂ ਦੀਆਂ ਜੀਵਨੀਆਂ ਦਾ ਵੇਰਵਾ ਸੰਖੇਪ ਰੂਪ ਵਿੱਚ ਦੋ ਤੋਂ ਚਾਰ-ਪੰਜ ਪੰਨਿਆਂ ਵਿੱਚ ਅੰਕਿਤ ਕੀਤਾ ਗਿਆ ਹੈ, ਜਿਸ ਦੀ ਸ਼ੁਰੂਆਤ 'ਸ਼ਹੀਦਾਂ ਦੇ ਸਿਰਤਾਜ' ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਤੋਂ ਕੀਤੀ ਗਈ ਹੈ। ਇਸ ਤੋਂ ਅਗਲੇ ਹੀ ਲੇਖ ਵਿੱਚ ਸਿੱਖਾਂ ਦੇ ਪਹਿਲੇ ਸ਼ਹੀਦ ਭਾਈ ਤਾਰਾ ਸਿੰਘ ਦੀ ਜੀਵਨੀ ਦਰਜ ਕੀਤੀ ਗਈ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਸਮੇਂ ਲਾਹੌਰ ਵਿੱਚ ਸ਼ਹੀਦ ਹੋਇਆ।

ਲਾਹੌਰ ਵਿੱਚ ਉਸ ਵੇਲੇ ਲੋਧੀ ਖ਼ਾਨ ਦਾ ਰਾਜ ਸੀ। ਬਾਬਰ ਦੇ ਹੁਕਮ ਨਾਲ ਉਸ ਦੀਆਂ ਫ਼ੌਜਾਂ ਵੱਲੋਂ ਲਾਹੌਰ ਵਿੱਚ ਲੋਕਾਂ ਦੇ ਘਰਾਂ ਨੂੰ ਲੁੱਟਣ ਤੋਂ ਬਾਅਦ ਅੱਗ ਲਾਏ ਜਾਣ 'ਤੇ ਜਦੋਂ ਭਾਈ ਤਾਰਾ ਸਿੰਘ ਆਪਣੇ ਘਰੋਂ ਪਾਣੀ ਦੀ ਮਸ਼ਕ ਲੈ ਕੇ ਅੱਗ ਬੁਝਾਉਣ ਗਿਆ ਤਾਂ ਬਾਬਰ ਦੇ ਸਿਪਾਹੀਆਂ ਵੱਲੋਂ ਉਸ ਨੂੰ ਅੱਗ ਵਿੱਚ ਸੁੱਟ ਦਿੱਤਾ ਗਿਆ ਅਤੇ ਉਹ ਉਸੇ ਵੇਲੇ ਉੱਥੇ ਸ਼ਹੀਦ ਹੋ ਗਿਆ। ਇਸ ਤੋਂ ਬਾਅਦ ਪੁਸਤਕ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੁਗ਼ਲਾਂ ਨਾਲ ਲੜੀਆਂ ਗਈ ਚਾਰ ਲੜਾਈਆਂ ਵਿੱਚ ਹੋਏ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਿੰਘਾਂ ਦਾ ਜ਼ਿਕਰ ਆਉਂਦਾ ਹੈ। ਫਿਰ ਨੌਵੇਂ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਤੋਂ ਪਹਿਲਾਂ ਉਨ੍ਹਾਂ ਦੇ ਸਾਹਮਣੇ ਸ਼ਹੀਦ ਕੀਤੇ ਗਏ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਦੀਆਂ ਅਤੀ ਦਿਲ ਦਹਿਲਾਉਣ ਵਾਲੀਆਂ ਸ਼ਹੀਦੀਆਂ ਦਾ ਵਰਨਣ ਹੈ ਅਤੇ ਇਸ ਤੋਂ ਬਾਅਦ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਜਲਾਦ ਵੱਲੋਂ ਗੁਰੂ ਸਾਹਿਬ ਦੇ ਸੀਸ ਕੱਟੇ ਜਾਣ ਨਾਲ ਹੋਈ ਮਹਾਨ ਇਤਿਹਾਸਕ ਸ਼ਹੀਦੀ ਦਾ ਜ਼ਿਕਰ ਕੀਤਾ ਗਿਆ ਹੈ। ਅੱਗੋਂ ਇਸ ਪੁਸਤਕ ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭੰਗਾਣੀ ਦੇ ਯੁੱਧ ਵਿੱਚ ਹੋਏ ਸ਼ਹੀਦਾਂ ਦਾ ਵਿਸਤ੍ਰਿਤ ਬ੍ਰਿਤਾਂਤ ਹੈ, ਜਿਨ੍ਹਾਂ ਵਿੱਚ ਪੀਰ ਬੁੱਧੂ ਸ਼ਾਹ ਦੇ ਬੇਟੇ ਵੀ ਸ਼ਾਮਲ ਸਨ। ਭਾਈ ਜੀਵਨ ਜੀ, ਉਰਫ਼ 'ਜੀਵਣ ਸਿੰਘ ਰੰਗਰੇਟਾ' ਜੋ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ ਸਨ, ਦਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਸਮੇਂ ਸਰਸਾ ਨਦੀ ਪਾਰ ਕਰਕੇ ਮੁਗ਼ਲਾਂ ਨਾਲ ਲੜਦਿਆਂ ਹੋਇਆਂ ਜ਼ਖ਼ਮੀ ਹੋ ਜਾਣ ਤੋਂ ਬਾਅਦ ਕੋਟਲਾ ਨਿਹੰਗ ਸਿੰਘ ਵਿਖੇ ਹੋਈ ਸ਼ਹੀਦੀ ਬਾਰੇ ਦੱਸਿਆ ਗਿਆ ਹੈ।

ਚਮਕੌਰ ਦੀ 'ਸੱਭ ਤੋਂ ਅਸਾਵੀਂ ਜੰਗ' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਪੰਜਾਂ ਪਿਆਰਿਆਂ ਵਿੱਚੋਂ ਤਿੰਨਾਂ ਪਿਆਰਿਆਂ ਅਤੇ ਹੋਰ ਕਈ ਸਿੰਘਾਂ ਦੀਆਂ ਸ਼ਹੀਦੀਆਂ ਸਮੇਤ ਹੋਈਆਂ 40 ਸ਼ਹੀਦੀਆਂ, ਖਾਲਸਾ ਪੰਥ ਦਾ ਹੁਕਮ ਮੰਨ ਕੇ ਗੁਰੂ ਸਾਹਿਬ ਦਾ ਇੱਥੋਂ ਮੁਗ਼ਲਾਂ ਦੀਆਂ ਫ਼ੌਜਾਂ ਵਿੱਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲ 'ਚ ਜਾਣਾ ਅਤੇ ਫਿਰ ਆਲਮਗੀਰ, ਰਾਏਕੋਟ, ਦੀਨਾ ਕਾਂਗੜ ਹੁੰਦੇ ਹੋਏ ਤਲਵੰਡੀ ਸਾਬੋ ਪਹੁੰਚਣਾ, ਪੁਸਤਕ ਦੇ ਵੱਖ-ਵੱਖ ਅਧਿਆਵਾਂ ਵਿੱਚ ਬਾਖੂਬੀ ਦਰਸਾਇਆ ਗਿਆ ਹੈ। ਇਸ ਦੇ ਨਾਲ ਹੀ ਤਲਵੰਡੀ ਸਾਬੋ ਜੋ ਇਸ ਸਮੇਂ 'ਤਖ਼ਤ ਦਮਦਮਾ ਸਾਹਿਬ' ਅਖਵਾਉਂਦਾ ਹੈ, ਵਿਖੇ 'ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰਕੇ ਉਸ ਨੂੰ ਭਾਈ ਮਨੀ ਸਿੰਘ ਜੀ ਤੋਂ ਮੁੜ ਤੋਂ ਲਿਖਵਾਉਣਾ, ਗੁਰੂ ਸਾਹਿਬ ਵੱਲੋਂ ਨਾਂਦੇੜ (ਹੁਣ, ਸ੍ਰੀ ਹਜ਼ੂਰ ਸਾਹਿਬ) ਪਹੁੰਚ ਕੇ ਬਾਬਾ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਭਾਈ ਗੁਰਬਖ਼ਸ਼ ਸਿੰਘ ਵਜੋਂ ਪੰਜਾਬ ਭੇਜ ਕੇ ਸਰਹੰਦ ਦੇ ਨਵਾਬ ਕੋਲੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਦੀਆਂ ਸ਼ਹੀਦੀਆਂ ਦਾ ਬਦਲਾ ਲੈਣਾ, ਆਦਿ ਪੁਸਤਕ ਦੇ ਬੜੇ ਰੋਚਕ ਅਤੇ ਗੌਰਵਮਈ ਅਧਿਆਇ ਹਨ। ਭਾਈ ਮਨੀ ਸਿੰਘ ਜੀ, ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਦੇ ਕਾਰਨਾਮਿਆਂ ਤੇ ਉਨ੍ਹਾਂ ਦੀਆਂ ਸ਼ਹੀਦੀਆਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਤਾਰੂ ਸਿੰਘ, ਭਾਈ ਸ਼ਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਵੀ ਆਪਣੀਆਂ ਸ਼ਹਾਦਤਾਂ ਦੇਣ ਵਿੱਚ ਕਿਸੇ ਗੱਲੋਂ ਪਿੱਛੇ ਨਹੀਂ ਰਹੇ। ਸ਼ਹੀਦ ਬਾਬਾ ਦੀਪ ਸਿੰਘ ਜੀ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀਵਾਲਾ ਦੀਆਂ ਜੰਗ ਦੇ ਮੈਦਾਨਾਂ 'ਚ ਖੰਡਿਆਂ ਤੇ ਤਲਵਾਰਾਂ ਦੇ ਨਾਲ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਹੋਇਆਂ ਪਾਈਆਂ ਗਈਆਂ ਸ਼ਹੀਦੀਆਂ ਕਿਵੇਂ ਭੁਲਾਈਆਂ ਜਾ ਸਕਦੀਆਂ ਹਨ? ਇਹ ਸੱਭ ਇਸ ਪੁਸਤਕ ਵਿੱਚ ਬਹੁਤ ਵਧੀਆ ਤਰ੍ਹਾਂ ਪੇਸ਼ ਕੀਤੀਆਂ ਗਈਆਂ ਹਨ।

'ਗ਼ਦਰ ਲਹਿਰ' ਅਮਰੀਕਾ ਵਿੱਚ 1912 ਵਿੱਚ ਸ਼ੁਰੂ ਹੋਈ ਅਤੇ ਕੈਨੇਡਾ, ਹਾਂਗਕਾਂਗ, ਸਿੰਘਾਪੁਰ ਤੇ ਮਲਾਇਆ ਪਹੁੰਚੀ। ਇਸ ਦੇ ਬਾਨੀ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਸੈਕਟਰੀ ਲਾਲਾ ਹਰਦਿਆਲ ਸਨ। ਨੌਜੁਆਨ ਕਰਤਾਰ ਸਿੰਘ ਸਰਾਭਾ ਇਸ ਦੇ ਮੁੱਖ-ਸਰਗਣੇ ਸਨ, ਜਿਨ੍ਹਾਂ ਦਾ ਕੰਮ ਸਟਾਕਟਨ ਦੇ 'ਯੁਗਾਂਤਰ ਆਸ਼ਰਮ' ਵਿੱਚ 'ਗ਼ਦਰ' ਅਖ਼ਬਾਰ ਨੂੰ ਅੰਗਰੇਜ਼ੀ, ਹਿੰਦੀ, ਉਰਦੂ ਤੇ ਪੰਜਾਬੀ ਵਿੱਚ ਤਿਆਰ ਕਰਨਾ, ਛਾਪਣਾ ਅਤੇ ਇਸ ਨੂੰ ਥਾਉਂ-ਥਾਈਂ ਪਹੁੰਚਾਉਣਾ ਸੀ। ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ ਸੁਰ ਸਿੰਘ ਤੇ ਕਈ ਹੋਰ ਗ਼ਦਰੀ ਉਨ੍ਹਾਂ ਦੇ ਸਹਾਇਕਾਂ ਵਜੋਂ ਕੰਮ ਕਰਦੇ ਸਨ। ਅੰਮ੍ਰਿਤਸਰ ਜ਼ਿਲੇ (ਹੁਣ, ਤਰਨ ਤਾਰਨ) ਦੇ ਪਿੰਡ ਸਰਹਾਲੀ ਦੇ ਬਾਬਾ ਗੁਰਦਿੱਤ ਸਿੰਘ ਵੱਲੋਂ ਜਾਪਾਨੀ ਕੰਪਨੀ ਦੇ ਜਹਾਜ਼ 'ਕਾਮਾਗਾਟਾ ਮਾਰੂ' ਨੂੰ ਛੇ ਮਹੀਨੇ ਲਈ ਕਿਰਾਏ 'ਤੇ ਲੈ ਕੇ ਇਸ ਨੂੰ 'ਗੁਰੂ ਨਾਨਕ ਜਹਾਜ਼' ਦਾ ਨਾਂ ਦੇ ਕੇ ਇਸ ਵਿਚ 376 ਮੁਸਾਫ਼ਰਾਂ ਨੂੰ ਕੈਨੇਡਾ ਦੇ ਸ਼ਹਿਰ ਵੈਨਕੂਵਰ ਲਿਜਾਣ ਦਾ ਜੋਖ਼ਮ ਉਠਾਉਣਾ ਅਤੇ ਉੱਥੇ ਸਮੁੰਦਰ ਕੰਢੇ ਲੱਗਣ ਦੀ ਆਗਿਆ ਨਾ ਮਿਲਣ 'ਤੇ ਕੈਨੇਡਾ ਦੇ ਗ਼ਦਰੀ ਸਿੱਖਾਂ ਭਾਈ ਮੇਵਾ ਸਿੰਘ ਲੋਪੋਕੇ, ਭਾਈ ਬਲਵੰਤ ਸਿੰਘ, ਆਦਿ ਵੱਲੋਂ ਹਰ ਪ੍ਰਕਾਰ ਦੀ ਸਹਾਇਤਾ ਕਰਨ ਦੇ ਬਾਵਜੂਦ ਜਹਾਜ਼ ਦੋ ਮਹੀਨੇ ਪਾਣੀ 'ਚ ਖੜੇ ਰਹਿਣ ਤੋਂ ਬਾਅਦ ਨਿਰਾਸ਼ ਭਾਰਤ ਵਾਪਸ ਪਰਤਣਾ ਅਤੇ ਕਲਕੱਤਾ ਦੇ ਨੇੜੇ ਬੱਜਬੱਜ ਘਾਟ 'ਤੇ ਮੁਸਾਫ਼ਰਾਂ ਦਾ ਅੰਗਰੇਜ਼ਾਂ ਦੀਆਂ ਗੋਲ਼ੀਆਂ ਨਾਲ ਸ਼ਹੀਦ ਹੋਣਾ ਦਿਲ ਦਹਿਲਾਉਣ ਵਾਲ਼ੀਆਂ ਘਟਨਾਵਾਂ ਹਨ, ਜਿਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ ਹੈ। ਪੁਸਤਕ ਵਿੱਚ ਹੋਰ ਵੀ ਬਹੁਤ ਸਾਰੇ ਸ਼ਹੀਦ ਸ਼ਾਮਲ ਫਰਿਨਚਿਪਓਲ ਹਨ। ਸਾਰਿਆਂ ਦਾ ਇੱਥੇ ਜ਼ਿਕਰ ਕਰਨਾ ਮੁਸ਼ਕਲ ਹੈ, ਪਰ ਭਾਈ ਮੇਵਾ ਸਿੰਘ ਲੋਪੋਕੇ ਵੱਲੋਂ ਬੇਈਮਾਨ ਅੰਗਰੇਜ਼ ਇਮੀਗ੍ਰੇਸ਼ਨ ਅਫ਼ਸਰ ਜੌਹਨ ਹੌਪਕਿਨਸਨ ਨੂੰ ਅਦਾਲਤ ਦੇ ਕੈਂਪਸ ਵਿੱਚ ਗੋਲ਼ੀਆਂ ਮਾਰ ਕੇ ਮਾਰਨ ਬਾਰੇ ਪਾਠਕਾਂ ਨੂੰ ਦੱਸਣਾ ਜ਼ਰੂਰੀ ਹੈ।

ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ ਸੁਨਾਮ, ਮਦਨ ਲਾਲ ਢੀਂਗਰਾ, ਚੰਦਰ ਸ਼ੇਖਰ ਆਜ਼ਾਦ, ਬੀ.ਕੇ.ਦੱਤ, 'ਆਜ਼ਾਦ ਹਿੰਦ ਫ਼ੌਜ' ਦੇ ਯੋਧੇ ਸੁਭਾਸ਼ ਚੰਦਰ ਬੋਸ, ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ, ਅੰਗਰੇਜ਼ਾਂ ਦੇ ਪਿੱਠੂਆਂ ਨੂੰ ਗੱਡੀ ਚੜ੍ਹਾਉਣ ਵਾਲੇ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਸ਼ਹੀਦ ਧੰਨਾ ਸਿੰਘ, ਬੰਤਾ ਸਿੰਘ ਧਾਮੀਆ, ਦਲੀਪ ਸਿੰਘ ਧਾਮੀਆ ਤੇ ਹੋਰ ਸ਼ਹੀਦਾਂ ਅਤੇ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੂੰ ਵੀ ਪੁਸਤਕ ਵਿੱਚ ਬਾਖੂਬੀ ਯਾਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਸਤਕ ਦੇ ਅਖ਼ੀਰ ਵੱਲ ਵੱਧਦਿਆਂ 'ਪਰਜਾ ਤੰਤਰ ਲਹਿਰ' ਦੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ, ਗ਼ਦਰੀ ਬੀਬੀ ਗੁਲਾਬ ਕੌਰ, ਸ਼ਹੀਦ ਹਰਬੰਸ ਸਿੰਘ ਸਿਰਹਾਲਾ, ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਸ਼ਹੀਦ ਅਜੀਤ ਸਿੰਘ, ਗੋਆ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਅਤੇ ਸਿੱਖੀ ਵਿੱਚ ਮਰਨ-ਵਰਤ ਦੇ ਸੰਕਲਪ ਨੂੰ ਆਖ਼ਰੀ ਸਵਾਸਾਂ ਤੱਕ ਨਿਭਾਉਣ ਵਾਲੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੂੰ ਵੀ ਬਾਖੂਬੀ ਸ਼ਰਧਾਂਜਲੀ ਭੇਂਟ ਕੀਤੀ ਗਈ ਹੈ।

ਇਸ ਤਰ੍ਹਾਂ 422 ਪੰਨਿਆਂ ਦੀ ਇਸ ਵੱਡ-ਆਕਾਰੀ ਪੁਸਤਕ ਵਿੱਚ 107 ਸ਼ਹੀਦਾਂ ਦੇ ਜੀਵਨ ਸੰਖੇਪ ਰੂਪ ਵਿੱਚ ਪੇਸ਼ ਕੀਤੇ ਗਏ ਹਨ। ਏਡੀ ਵੱਡੀ ਗਿਣਤੀ ਵਿੱਚ ਸ਼ਹੀਦਾਂ ਦੀਆਂ ਜੀਵਨੀਆਂ ਇੱਕ ਜਗ੍ਹਾ 'ਤੇ ਲਿਆਉਣੀਆਂ ਕਾਫ਼ੀ ਕਠਨ ਕਾਰਜ ਹੈ ਜੋ ਪ੍ਰਿੰਸੀਪਲ ਗਿਆਨ ਸਿੰਘ ਘਈ ਵੱਲੋਂ ਬਾਖੂਬੀ ਨਿਭਾਇਆ ਗਿਆ ਹੈ। ਇਸ ਦੇ ਨ

ਪੰਜਾਬ 'ਚ ਸਰਕਾਰ ਬਣਨ 'ਤੇ ਭਾਜਪਾ ਪੀ.ਪੀ.ਐੱਸ.ਸੀ ਪ੍ਰੀਖਿਆ 'ਘੁਟਾਲੇ' ਦੀ ਕਰੇਗੀ ਜਾਂਚ: ਜਾਖੜ



ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਅੰਦਰ ਸਰਕਾਰ ਬਣਨ 'ਤੇ ਪੰਜਾਬ ਲੋਕ ਸੇਵਾ ਕਮਿਸ਼ਨ (PPSC) ਦੇ ਕਥਿਤ ਭਰਤੀ ਘੁਟਾਲੇ ਦੀ ਡੂੰਘਾਈ ਨਾਲ ਜਾਂਚ ਕਰਵਾਏਗੀ। ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਿਹਾ ਕਿ ਉਹ ਇਸ ਮਾਮਲੇ 'ਤੇ "ਸਥਿਤੀ ਸਪਸ਼ਟ ਕਰਨ" (come clean) ਤਾਂ ਜੋ ਕਥਿਤ ਬੇਨਿਯਮੀਆਂ ਤੋਂ ਪਰੇਸ਼ਾਨ ਉਮੀਦਵਾਰਾਂ ਨੂੰ ਸਪਸ਼ਟਤਾ ਮਿਲ ਸਕੇ। ਉਨ੍ਹਾਂ ਭਰਤੀ ਵਿੱਚ ਹੋਏ ਕਥਿਤ ਘੁਟਾਲੇ ਦੀ ਸੀ ਬੀ ਆਈ (CBI) ਜਾਂਚ ਦੀ ਮੰਗ ਕੀਤੀ ਅਤੇ ਕਿਹਾ, "ਜੇ ਤੁਸੀਂ ਅਜਿਹਾ ਨਹੀਂ ਕੀਤਾ ਤਾਂ ਭਾਜਪਾ ਕਰੇਗੀ।" ਜਾਖੜ ਨੇ ਇਹ ਵੀ ਦਾਅਵਾ ਕੀਤਾ ਕਿ ਖੇਡ ਕੋਟੇ ਤਹਿਤ ਹੋਈ ਭਰਤੀ ਦਾ ਕਥਿਤ ਫਾਇਦਾ ਇੱਕ ਸਾਬਕਾ ਡੀ ਆਈ ਜੀ (ਧੀਅ) ਦੇ ਪਰਿਵਾਰ ਨੂੰ ਮਿਲਿਆ ਹੈ। ਹਾਲਾਂਕਿ, ਉਨ੍ਹਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਇਸ ਦਾਅਵੇ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤੇ। ਸ ਕਾਨਫਰੰਸ ਵਿੱਚ ਮੌਜੂਦ ਕਈ ਉਮੀਦਵਾਰਾਂ ਨੇ ਚੋਣ ਪ੍ਰਕਿਰਿਆ ਵਿੱਚ ਤਕਨੀਕੀ ਖਾਮੀਆਂ ਹੋਣ ਦੇ ਦੋਸ਼ ਲਾਏ। ਉਮੀਦਵਾਰਾਂ ਨੇ ਦੋਸ਼ ਲਾਇਆ ਕਿ ਮੇਨਜ਼ (Mains) ਪ੍ਰੀਖਿਆ ਪਾਸ ਕਰਨ ਵਾਲੇ 751 ਉਮੀਦਵਾਰਾਂ ਵਿੱਚੋਂ 86 ਅਜਿਹੇ ਹਨ ਜਿਨ੍ਹਾਂ ਦੇ ਰੋਲ ਨੰਬਰ ਲਗਾਤਾਰ ਲੜੀ (clusters) ਵਿੱਚ ਆਏ ਹਨ, ਜਿਨ੍ਹਾਂ ਵਿੱਚੋਂ ਕੁਝ ਕਤਾਰਾਂ ਵਿੱਚ ਲਗਾਤਾਰ ਛੇ, ਚਾਰ ਜਾਂ ਤਿੰਨ ਨੰਬਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਅਸਾਮੀਆਂ (vacancies) ਅਤੇ ਮੇਨਜ਼ ਦੇ ਉਮੀਦਵਾਰਾਂ ਦੀ ਗਿਣਤੀ ਕਿਤੇ ਵੱਧ ਸੀ, ਜਿਸ ਕਾਰਨ ਚੁਣੇ ਗਏ ਰੋਲ ਨੰਬਰ ਇਕੱਠੇ ਆਉਣ ਦੀ ਬਜਾਏ ਵੱਖ-ਵੱਖ ਹੋਣੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਪੀ ਪੀ ਐੱਸ ਸੀ (PPSC) ਦੇ ਚੇਅਰਮੈਨ ਨੇ ਇਸ ਪੈਟਰਨ ਦਾ ਬਚਾਅ ਕਰਦਿਆਂ ਕਿਹਾ ਸੀ ਕਿ 2018 ਅਤੇ 2020 ਦੀਆਂ ਭਰਤੀਆਂ ਵਿੱਚ ਵੀ ਲਗਾਤਾਰ ਰੋਲ ਨੰਬਰਾਂ ਵਾਲੀਆਂ ਚੋਣਾਂ ਹੋਈਆਂ ਸਨ। ਪਰ ਉਮੀਦਵਾਰਾਂ ਨੇ ਜਵਾਬ ਦਿੱਤਾ ਕਿ ਇਸ ਸਾਲ ਦੀ ਪ੍ਰੀਖਿਆ ਦੇ ਵੱਡੇ ਪੱਧਰ ਨੂੰ ਦੇਖਦਿਆਂ ਰੋਲ ਨੰਬਰਾਂ ਦੇ ਇਸ ਤਰ੍ਹਾਂ ਇਕੱਠੇ ਆਉਣ ਨੂੰ ਸਹੀ ਠਹਿਰਾਉਣਾ ਮੁਸ਼ਕਲ ਹੈ।

ਉਨ੍ਹਾਂ ਨੇ ਅਦਾਲਤ ਦੇ ਕੁਝ ਫੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਦਾਲਤਾਂ ਦਾ ਮੰਨਣਾ ਹੈ ਕਿ ਲਗਾਤਾਰ ਰੋਲ ਨੰਬਰਾਂ ਦੇ ਇਕੱਠੇ ਆਉਣ ਦੀ ਜਲਦ ਤੋਂ ਜਲਦ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ। ਉਮੀਦਵਾਰਾਂ ਨੇ ਪੇਪਰ ਚੈਕਿੰਗ ਦੀ ਪਾਰਦਰਸ਼ਤਾ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਪੁੱਛਿਆ ਕਿ ਪੇਪਰ ਚੈੱਕ ਕਰਨ ਵਾਲਿਆਂ ਦੀ ਕੀ ਯੋਗਤਾ ਰੱਖੀ ਗਈ ਸੀ ਅਤੇ ਦਾਅਵਾ ਕੀਤਾ ਕਿ ਰਿਸਰਚ ਸਕਾਲਰਾਂ (research scholars) ਨੇ ਪੇਪਰ ਚੈੱਕ ਕੀਤੇ ਹਨ ਜਦਕਿ ਕੁਝ ਉਮੀਦਵਾਰ ਖੁਦ ਪੀ ਐੱਚ ਡੀ (PhD) ਦੇ ਵਿਦਿਆਰਥੀ ਸਨ। ਉਨ੍ਹਾਂ ਨੇ ਇਹ ਵੀ ਪੁੱਛਿਆ ਕਿ ਕੀ ਪੇਪਰ ਕਰਨ ਵਾਲੇ ਵਿਸ਼ੇ ਅਨੁਸਾਰ ਨਿਯੁਕਤ ਕੀਤੇ ਗਏ ਸਨ ਅਤੇ ਕੀ ਮਾਰਕਿੰਗ ਇਕਸਾਰ, ਨਿਰਪੱਖ ਅਤੇ ਆਡਿਟ-ਯੋਗ ਸੀ? ਉਮੀਦਵਾਰਾਂ ਨੇ ਕਿਹਾ ਕਿ 4 ਨਵੰਬਰ ਨੂੰ ਐਲਾਨਿਆ ਗਿਆ ਨਤੀਜਾ ਅੱਠ ਪੰਨਿਆਂ ਦੀ ਪੀ ਡੀ ਐੱਫ (PDF) ਸੀ ਜਿਸ ਵਿੱਚ ਸਿਰਫ ਰੋਲ ਨੰਬਰ ਸਨ ਅਤੇ ਨਾ ਹੀ ਕੋਈ ਨਾਮ ਸੀ ਅਤੇ ਨਾ ਹੀ ਸ਼੍ਰੇਣੀ ਮੁਤਾਬਕ (category-wise) ਕੋਈ ਵੇਰਵਾ ਦਿੱਤਾ ਗਿਆ ਸੀ।

'ਮਾਵਾਂ ਧੀਆਂ ਸਤਿਕਾਰ ਯੋਜਨਾ' ਦੇ ਪਿਛਲੇ ਸਾਢੇ 4 ਸਾਲਾਂ ਦੇ ਪੈਂਡਿੰਗ ਬਕਾਏ ਸਰਕਾਰ ਬਣਨ 'ਤੇ ਜਾਰੀ ਕਰਾਂਗੇ: ਚੰਨੀ



ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਕਿਹਾ ਕਿ ਕਾਂਗਰਸ ਸੱਤਾ 'ਚ ਆਉਣ 'ਤੇ ਆਪ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਕਿਸੇ ਵੀ ਵਿੱਤੀ ਸਹਾਇਤਾ ਸਕੀਮਾਂ ਨੂੰ ਵਾਪਸ ਨਹੀਂ ਲਵੇਗੀ।

ਸਾਈਕਲ ਯਾਤਰਾ ਦੀਆਂ ਤਿਆਰੀਆਂ ਦੇ ਦੌਰਾਨ ਗੱਲਬਾਤ ਕਰਦਿਆਂ ਚੰਨੀ ਨੇ ਕਿਹਾ ਕਿ ਸਕੀਮਾਂ ਨੂੰ ਜਾਰੀ ਰੱਖਣ ਤੋਂ ਇਲਾਵਾ ਕਾਂਗਰਸ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੰਜਾਬ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਦੇ ਪੈਂਡਿੰਗ ਬਕਾਏ ਦਾ ਵੀ ਭੁਗਤਾਨ ਕਰੇਗੀ। ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' (ਅਅਫ) ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਕਾਰ ਔਰਤਾਂ ਨੂੰ ਤਾਂ ਵਿੱਤੀ ਸਹਾਇਤਾ ਦੇ ਰਹੀ ਹੈ, ਪਰ ਨਸ਼ਿਆਂ ਦੀ ਉਸ ਅਲਾਮਤ ਨੂੰ ਰੋਕਣ ਲਈ ਕੁਝ ਖਾਸ ਨਹੀਂ ਕਰ ਰਹੀ ਜੋ ਨੌਜਵਾਨਾਂ ਦੀਆਂ ਜਾਨਾਂ ਨਿਗਲ ਰਹੀ ਹੈ। ਉਨ੍ਹਾਂ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਪੰਜਾਬ ਦੇ ਹਿੱਤਾਂ ਨੂੰ ਦਿੱਲੀ ਦੀ ਲੀਡਰਸ਼ਿਪ ਅੱਗੇ "ਸਮਰਪਣ" ਕਰ ਰਹੀ ਹੈ ਅਤੇ ਪ੍ਰਸ਼ਾਸਨ, ਕਾਨੂੰਨ-ਵਿਵਸਥਾ ਅਤੇ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਮੁੱਖ ਮੰਤਰੀ ਵਜੋਂ ਆਪਣੇ 111 ਦਿਨਾਂ ਦੇ ਕਾਰਜਕਾਲ ਨੂੰ ਯਾਦ ਕਰਦਿਆਂ ਚੰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਰ ਦਿਨ ਦਾ ਅਸਰਦਾਰ ਢੰਗ ਨਾਲ ਉਪਯੋਗ ਕੀਤਾ ਅਤੇ ਸੂਬੇ ਵਿੱਚ ਵਿਕਾਸ ਨੂੰ ਮੁੜ ਸੁਰਜੀਤ ਕਰਨ ਦੇ ਉਦੇਸ਼ ਨਾਲ ਕਈ ਫੈਸਲੇ ਲਏ। ਉਨ੍ਹਾਂ ਨੇ ਗੁਲਾਬੀ ਸੁੰਡੀ ਤੋਂ ਪ੍ਰਭਾਵਿਤ ਕਪਾਹ ਕਿਸਾਨਾਂ ਲਈ ਮੁਆਵਜ਼ਾ ਵਧਾ ਕੇ 18,700 ਰੁਪਏ ਪ੍ਰਤੀ ਏਕੜ ਕਰਨ ਤੋਂ ਇਲਾਵਾ ਮਜ਼ਦੂਰਾਂ ਲਈ 1,500 ਰੁਪਏ,'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਲਾਲ ਡੋਰਾ ਅੰਦਰਲੇ ਘਰਾਂ ਦੀ ਰਜਿਸਟਰੀ ਕਰਨ,ਬਿਜਲੀ ਦੇ ਬਿੱਲ ਮਾਫ਼ ਕਰਨ,ਡੀ ਸ਼੍ਰੇਣੀ ਦੀਆਂ ਸਰਕਾਰੀ ਨੌਕਰੀਆਂ ਨੂੰ ਰੈਗੂਲਰ ਕਰਨ ਅਤੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕ੍ਰਮਵਾਰ 10 ਰੁਪਏ ਅਤੇ 5 ਰੁਪਏ ਦੀ ਕਟੌਤੀ ਕਰਨ ਦਾ ਜ਼ਿਕਰ ਕੀਤਾ। 1984 ਦੇ ਸਿੱਖ ਵਿਰੋਧੀ ਦੰਗਿਆਂ 'ਤੇ ਭਾਜਪਾ ਦੇ ਮੁੜ ਧਿਆਨ ਕੇਂਦਰਿਤ ਕਰਨ 'ਤੇ ਚੰਨੀ ਨੇ ਕਿਹਾ ਕਿ "ਜੋ ਗਲਤ ਸੀ ਉਸ ਦਾ ਬਚਾਅ ਨਹੀਂ ਕੀਤਾ ਜਾ ਸਕਦਾ",ਨਾਲ ਹੀ ਉਨ੍ਹਾਂ ਜੋੜਿਆ ਕਿ ਰਾਹੁਲ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਕਾਂਗਰਸੀ ਨੇਤਾਵਾਂ ਨੇ ਹਿੰਸਾ ਦੀ ਨਿਖੇਧੀ ਕੀਤੀ ਸੀ ਅਤੇ ਅਫ਼ਸੋਸ ਪ੍ਰਗਟਾਇਆ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬੀ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨੀ ਅੰਦੋਲਨ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸੰਭਾਲਣ ਦੇ ਤਰੀਕੇ ਨੂੰ ਭੁੱਲੇ ਨਹੀਂ ਹਨ। ਉਨ੍ਹਾਂ ਭਾਜਪਾ 'ਤੇ "ਪੰਜਾਬ ਵਿਰੋਧੀ" ਪਹੁੰਚ ਅਪਣਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਸੂਬੇ ਦੇ ਲੋਕ ਪਾਰਟੀ ਨੂੰ ਪ੍ਰਵਾਨ ਨਹੀਂ ਕਰਨਗੇ। ਕਾਂਗਰਸ ਵਿੱਚ ਧੜੇਬੰਦੀ 'ਤੇ ਚੰਨੀ ਨੇ ਦਾਅਵਾ ਕੀਤਾ ਕਿ ਪਾਰਟੀ ਹੁਣ ਇਕਜੁੱਟ ਹੈ ਅਤੇ 'ਆਪ' ਨੂੰ ਹਰਾਉਣ ਲਈ ਸਮੂਹਿਕ ਤੌਰ 'ਤੇ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪ੍ਰਸਤਾਵਿਤ 'ਜਵਾਨੀ ਸੰਭਾਲ ਸਾਈਕਲ ਯਾਤਰਾ' ਪੰਜਾਬ ਦੇ ਨੌਜਵਾਨਾਂ ਦੀਆਂ ਚਿੰਤਾਵਾਂ ਅਤੇ ਅਕਾਂਖਿਆਵਾਂ ਨੂੰ ਸੁਣਨ 'ਤੇ ਕੇਂਦਰਿਤ ਹੋਵੇਗੀ। ਉਨ੍ਹਾਂ ਨੇ ਅੰਤਰਰਾਸ਼ਟਰੀ ਸਰਹੱਦ ਦੇ 50 ਕਿਲੋਮੀਟਰ ਦੇ ਘੇਰੇ ਅੰਦਰ ਸੁਰੱਖਿਆ ਲਈ ਕੇਂਦਰ ਦੀ ਜ਼ਿੰਮੇਵਾਰੀ ਵੱਲ ਇਸ਼ਾਰਾ ਕਰਦਿਆਂ ਸੂਬੇ ਵਿੱਚ ਨਸ਼ਿਆਂ ਅਤੇ ਹਥਿਆਰਾਂ ਦੀ ਲਗਾਤਾਰ ਆਮਦ 'ਤੇ ਵੀ ਸਵਾਲ ਚੁੱਕੇ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਸ਼ੁਰੂ ਕੀਤਾ 'ਪੰਜਾਬ ਮੰਗਦਾ ਇਨਸਾਫ਼' ਅਭਿਆਨ



ਪੰਜਾਬ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਨੇ ਬੁੱਧਵਾਰ ਨੂੰ 'ਪੰਜਾਬ ਮੰਗਦਾ ਇਨਸਾਫ਼' ਅਭਿਆਨ ਦੀ ਸ਼ੁਰੂਆਤ ਕੀਤੀ ਜਿਸ ਦੇ ਤਹਿਤ ਸਮਾਜ ਦੇ ਹਰ ਵਰਗ ਤੱਕ ਪਹੁੰਚਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਦਾ ਯਤਨ ਕੀਤਾ ਜਾਵੇਗਾ। ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਪਰਗਟ ਸਿੰਘ ਅਤੇ ਰਾਜ ਵਿਧਾਨ ਸਭਾ ਵਿੱਚ ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਨੇ ਇੱਥੇ ਪਾਰਟੀ ਹੈੱਡਕੁਆਰਟਰ ਵਿੱਚ ਇਸ ਅਭਿਆਨ ਦੀ ਸ਼ੁਰੂਆਤ ਕੀਤੀ। ਪਾਰਟੀ ਅਨੁਸਾਰ, 'ਪੰਜਾਬ ਮੰਗਦਾ ਇਨਸਾਫ਼' ਅਭਿਆਨ ਦਾ ਉਦੇਸ਼ ਰਾਜ ਦੇ ਲੋਕਾਂ ਨਾਲ ਜੁੜਨਾ ਅਤੇ ਕਿਸਾਨਾਂ, ਨੌਜਵਾਨਾਂ, ਨਸ਼ੇ ਦੀ ਸਮੱਸਿਆ, ਕਾਨੂੰਨ-ਵਿਵਸਥਾ ਅਤੇ ਜਨਹਿਤ ਨਾਲ ਜੁੜੇ ਹੋਰ ਮੁੱਦਿਆਂ ਨੂੰ ਉਠਾਉਣਾ ਹੈ। ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਅਭਿਆਨ ਦੇ ਤਹਿਤ ਕਾਂਗਰਸ ਦੀ ਪ੍ਰਦੇਸ਼ ਇਕਾਈ ਦੇ ਨੇਤਾ ਪੰਜਾਬ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਨਗੇ ਅਤੇ ਸਮਾਜ ਦੇ ਸਾਰੇ ਵਰਗਾਂ ਨਾਲ ਜੁੜੇ ਮੁੱਦੇ ਉਠਾਉਣਗੇ।

ਉਨ੍ਹਾਂ ਕਿਹਾ, "ਅਸੀਂ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਨਾਲ ਕੀਤੇ ਗਏ ਧੋਖੇ, ਪੁਰਾਣੀ ਪੈਨਸ਼ਨ ਯੋਜਨਾ ਲਾਗੂ ਨਾ ਕੀਤੇ ਜਾਣ, ਕਾਨੂੰਨ-ਵਿਵਸਥਾ ਦੀ ਸਥਿਤੀ ਅਤੇ ਰਾਜ ਦੀ ਖਰਾਬ ਵਿੱਤੀ ਹਾਲਤ ਵਰਗੇ ਮੁੱਦਿਆਂ 'ਤੇ ਗੱਲ ਕਰਾਂਗੇ।" ਬਾਜਵਾ ਨੇ ਦਾਅਵਾ ਕੀਤਾ ਕਿ 'ਆਪ' ਸਰਕਾਰ ਹਰ ਮੋਰਚੇ 'ਤੇ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ, "ਆਪ ਨੇਤਾ ਅਰਵਿੰਦ ਕੇਜਰੀਵਾਲ ਨੇ ਕਾਲਜ, ਮੈਡੀਕਲ ਕਾਲਜ ਅਤੇ ਸੜਕਾਂ ਤੇ ਪੁਲਾਂ ਸਮੇਤ ਨਵੇਂ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਹਰ ਸਾਲ 54,000 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਪਰ ਇੱਕ ਵੀ ਪੈਸਾ ਨਹੀਂ ਦਿੱਤਾ ਗਿਆ। ਅਸੀਂ ਕੇਜਰੀਵਾਲ ਤੋਂ ਪੁੱਛਾਂਗੇ ਕਿ ਉਹ ਪੈਸਾ ਕਿੱਥੇ ਗਿਆ।" ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਕਿਸਾਨਾਂ, ਔਰਤਾਂ ਅਤੇ ਵਪਾਰੀਆਂ ਲਈ ਵੀ ਕੁਝ ਨਹੀਂ ਕੀਤਾ। ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ 12 ਨਵੰਬਰ ਤੋਂ ਸ਼ੁਰੂ ਹੋਣ ਵਾਲੀ ਸਾਈਕਲ ਯਾਤਰਾ ਬਾਰੇ ਪੁੱਛੇ ਜਾਣ 'ਤੇ ਬਾਜਵਾ ਨੇ ਕਿਹਾ ਕਿ ਇਹ ਵੀ ਪਾਰਟੀ ਦੇ ਪ੍ਰੋਗਰਾਮ ਦਾ ਹਿੱਸਾ ਹੈ। ਉਨ੍ਹਾਂ ਕਿਹਾ, "ਚੰਨੀ ਸਾਹਿਬ ਸਾਡੇ ਭਰਾ ਹਨ। ਉਨ੍ਹਾਂ ਦੇ ਪ੍ਰੋਗਰਾਮ ਨਾਲ ਕਾਂਗਰਸ ਦਾ ਸੁਨੇਹਾ ਪੂਰੇ ਪੰਜਾਬ ਵਿੱਚ ਪਹੁੰਚੇਗਾ। ਅਸੀਂ ਸਭ ਮਿਲ ਕੇ ਇਹ ਅਭਿਆਨ ਚਲਾਵਾਂਗੇ। ਕੱਲ੍ਹ ਅਸੀਂ ਸਾਰੇ (ਉਨ੍ਹਾਂ ਦੀ ਸਾਈਕਲ ਯਾਤਰਾ ਵਿੱਚ) ਵੀ ਸ਼ਾਮਲ ਹੋਵਾਂਗੇ।" ਨੇਤਾ ਵਿਰੋਧੀ ਧਿਰ ਨੇ ਕਿਹਾ ਕਿ ਮਾਝਾ, ਮਾਲਵਾ ਅਤੇ ਦੋਆਬਾ ਖੇਤਰਾਂ ਵਿੱਚ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਣਗੇ। ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣਾ ਇਸ ਅਭਿਆਨ ਦਾ ਉਦੇਸ਼ ਹੈ। ਕਾਂਗਰਸ ਦੀ ਪ੍ਰਚਾਰ ਕਮੇਟੀ ਦੇ ਪ੍ਰਧਾਨ ਚੰਨੀ ਨੇ 'ਜਵਾਨੀ ਸੰਭਾਲ, ਜੱਟਾ' ਨਾਂ ਤੋਂ ਸਾਈਕਲ ਯਾਤਰਾ ਦੀ ਯੋਜਨਾ ਬਣਾਈ ਹੈ। ਇਸ ਯਾਤਰਾ ਦੌਰਾਨ ਉਹ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਲੋਕਾਂ ਨਾਲ ਸੰਪਰਕ ਕਰਨਗੇ।

ਪੰਜਾਬ 'ਚ ਉਦਯੋਗਾਂ ਲਈ ਸੁਖਾਵਾਂ ਮਾਹੌਲ ਸਿਰਜਣਾ ਜ਼ਰੂਰੀ: ਸੁਖਬੀਰ ਬਾਦਲ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਮੌਜੂਦਾ ਪ੍ਰਬੰਧ ਵਿੱਚ ਵੱਡੇ ਬਦਲਾਅ ਕਰਨ ਦੀ ਲੋੜ ਹੈ। ਉਨ੍ਹਾਂ ਵਕਾਲਤ ਕੀਤੀ ਕਿ ਉਦਯੋਗਪਤੀਆਂ ਨੂੰ ਅਜਿਹਾ ਮਾਹੌਲ ਅਤੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਕਿ ਉਹ ਦੂਜੇ ਸੂਬਿਆਂ ਵੱਲ ਜਾਣ ਦੀ ਬਜਾਏ ਪੰਜਾਬ ਵਿੱਚ ਹੀ ਆਪਣੇ ਕਾਰੋਬਾਰ ਸਥਾਪਿਤ ਕਰਨ ਅਤੇ ਵਧਾਉਣ।

ਉਹ ਅੱਜ ਇੱਥੇ ਹਲਕਾ ਜੈਤੋ ਦੇ ਪਾਰਟੀ ਇੰਚਾਰਜ ਸੂਬਾ ਸਿੰਘ ਬਾਦਲ ਦੀ ਅਗਵਾਈ ਹੇਠ ਵਪਾਰੀਆਂ ਅਤੇ ਉਦਯੋਗਪਤੀਆਂ ਨਾਲ ਮਿਲਣੀ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਾਰੋਬਾਰੀ ਵਰਗ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ ਸਾਂਝੇ ਕੀਤੇ। ਸੁਖਬੀਰ ਬਾਦਲ ਨੇ ਪੰਜਾਬ ਸਰਕਾਰ ਦੀ ਇਸ਼ਤਿਹਾਰਬਾਜ਼ੀ ਨੀਤੀ 'ਤੇ ਨਿਸ਼ਾਨਾ ਸੇਧਦਿਆਂ ਦਾਅਵਾ ਕੀਤਾ ਕਿ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਇਸ਼ਤਿਹਾਰਾਂ 'ਤੇ ਕਰੀਬ 550 ਕਰੋੜ ਰੁਪਏ ਖਰਚੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਪੈਸਾ ਪੰਜਾਬ ਦੇ ਉਦਯੋਗਾਂ ਨੂੰ ਸਹੂਲਤਾਂ ਦੇਣ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ 'ਤੇ ਲਾਇਆ ਜਾ ਸਕਦਾ ਸੀ।

ਨੌਜਵਾਨਾਂ ਦੇ ਹੁਨਰ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦਸਵੀਂ ਤੋਂ ਹੀ ਵਿਦਿਆਰਥੀਆਂ ਲਈ ਵਿਸ਼ੇਸ਼ ਕਿੱਤਾਮੁਖੀ ਸਿੱਖਿਆ ਦੀ ਵਿਵਸਥਾ ਕੀਤੀ ਜਾਵੇਗੀ, ਤਾਂ ਜੋ ਹਰ ਬੱਚਾ ਆਪਣੀ ਰੁਚੀ ਅਨੁਸਾਰ ਕਿਸੇ ਨਾ ਕਿਸੇ ਹੁਨਰ ਵਿੱਚ ਮਾਹਿਰ ਬਣ ਸਕੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਵਪਾਰੀਆਂ ਅਤੇ ਉਦਯੋਗਪਤੀਆਂ ਦੀਆਂ ਲੋੜਾਂ ਮੁਤਾਬਕ ਨਵੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ।

ਇਸ ਮੌਕੇ ਰਾਮਿ

ਪੰਜਾਬ ਸਟਾਰ PUNJABSTAR.COM www.punjabstar.com

ਕੋਰੋਨਾ ਦਾ ਨਵਾਂ ਵੇਰੀਐਂਟ ਦੇ ਰਿਹਾ ਹੈ ਦਸਤਕ

ਆਮ ਫਲੂ ਵਰਗੇ ਲੱਛਣਾਂ ਕਾਰਨ ਪਛਾਣ ਕਰਨੀ ਹੋ ਸਕਦੀ ਹੈ ਮੁਸ਼ਕਲ



ਸਾਲ 2020 ਵਿੱਚ ਕੋਰੋਨਾ ਵੱਲੋਂ ਮਚਾਈ ਤਬਾਹੀ ਤੋਂ ਬਾਅਦ ਇਸ ਦੇ ਕਈ ਵੇਰੀਐਂਟ ਸਾਹਮਣੇ ਆ ਚੁੱਕੇ ਹਨ। ਹਾਲ ਹੀ ਵਿੱਚ ਇੱਕ ਹੋਰ ਨਵਾਂ ਵੇਰੀਐਂਟ ਚਰਚਾ ਵਿੱਚ ਹੈ, ਜਿਸ ਦਾ ਨਾਮ ਫਲੂ.2.1 ਹੈ। ਇਸ ਨਵੇਂ ਵੇਰੀਐਂਟ ਬਾਰੇ ਵਿਸ਼ਵ ਸਿਹਤ ਸੰਗਠਨ (WHO) ਨੇ ਵੱਡਾ ਦਾਅਵਾ ਕੀਤਾ ਹੈ ਕਿ ਇਸ ਦੇ ਲੱਛਣ ਬਿਲਕੁਲ ਆਮ ਫਲੂ ਵਰਗੇ ਹਨ। ਇਸ ਕਾਰਨ ਇਹ ਪਤਾ ਲਗਾਉਣਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ ਕਿ ਮਰੀਜ਼ ਨੂੰ ਆਮ ਫਲੂ ਹੈ ਜਾਂ ਕੋਵਿਡ-19।

ਕੋਵਿਡ-19 ਦਾ ਨਵਾਂ ਵੇਰੀਐਂਟ ਫਲੂ.2.1

ਕੋਵਿਡ-19 ਵਾਇਰਸ ਵਿੱਚ ਲਗਾਤਾਰ ਹੋ ਰਹੇ ਮਿਊਟੇਸ਼ਨ ਤੋਂ ਬਾਅਦ ਹੁਣ ਫਲੂ.2.1 ਵੇਰੀਐਂਟ ਮਾਹਿਰਾਂ ਦੀ ਚਿੰਤਾ ਵਧਾ ਰਿਹਾ ਹੈ। ਸ਼ਅੁਸ਼-ਫੋੜ-2 ਵਾਇਰਸ ਦੇ ਹੋਰ ਵੇਰੀਐਂਟਾਂ ਵਾਂਗ ਇਹ ਵੀ ਸਾਹ ਨਾਲ ਸਬੰਧਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

ਹਾਲਾਂਕਿ, ਇਸ ਦੀ ਗੰਭੀਰਤਾ ਅਤੇ ਕਲੀਨਿਕਲ ਪ੍ਰਭਾਵਾਂ ਬਾਰੇ ਜਾਣਨ ਲਈ ਅਜੇ ਜੀਨੋਮਿਕ ਨਿਗਰਾਨੀ ਦੀ ਲੋੜ ਹੈ। ਇਸ ਵੇਰੀਐਂਟ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਫਲੂ.2.1 ਨਾਲ ਸੰਕਰਮਿਤ ਹੋਣ 'ਤੇ ਗਲੇ ਵਿੱਚ ਤੇਜ਼ ਦਰਦ ਠੀਕ ਹੋਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਥਕਾਵਟ ਮਹਿਸੂਸ ਹੋ ਸਕਦੀ ਹੈ। ਇਸ ਦੀ ਪਛਾਣ ਲਈ ਡਾਇਗਨੌਸਟਿਕ ਟੈਸਟ ਕਰਵਾਉਣਾ ਵੀ ਬਹੁਤ ਜ਼ਰੂਰੀ ਹੈ।

ਕੀ ਹਨ ਇਸ ਦੇ ਲੱਛਣ?

ਕੋਵਿਡ-19 ਦੇ ਇਸ ਨਵੇਂ ਵੇਰੀਐਂਟ ਦੇ ਲੱਛਣ ਆਮ ਫਲੂ ਨਾਲ ਕਾਫ਼ੀ ਮਿਲਦੇ-ਜੁਲਦੇ ਹਨ:

- ਠੰਢ ਲੱਗਣਾ
- ਸਿਰ ਦਰਦ
- ਬੁਖ਼ਾਰ ਮਹਿਸੂਸ ਹੋਣਾ
- ਨੱਕ ਬੰਦ ਹੋਣਾ
- ਗਲੇ ਵਿੱਚ ਖਰਾਸ਼
- ਥਕਾਵਟ
- ਮਾਸਪੇਸ਼ੀਆਂ ਵਿੱਚ ਦਰਦ
- ਪੇਟ ਨਾਲ ਸਬੰਧਤ ਸਮੱਸਿਆਵਾਂ

ਕਾਰਨ ਅਤੇ ਫੈਲਣ ਦੀ ਵਜ੍ਹਾ

ਇਸ ਵਾਇਰਸ ਦੇ ਸਪਾਈਕ ਪ੍ਰੋਟੀਨ ਵਿੱਚ ਮਿਊਟੇਸ਼ਨ ਹੁੰਦਾ ਹੈ, ਜਿਸ ਕਾਰਨ ਇਹ ਪ੍ਰੋਟੀਨ ਚਾਬੀ ਵਾਂਗ ACE2 ਰਿਸੈਪਟਰਾਂ ਦੀ ਵਰਤੋਂ ਕਰਕੇ ਸਰੀਰ ਦੀਆਂ ਹੋਸਟ ਸੈੱਲਾਂ ਨਾਲ ਜੁੜ ਜਾਂਦਾ ਹੈ।

ਇਸ ਦੇ ਫੈਲਣ ਦਾ ਸਭ ਤੋਂ ਮੁੱਖ ਕਾਰਨ ਛਿੱਕਣ ਅਤੇ ਖੰਘਣ ਨਾਲ ਨਿਕਲਣ ਵਾਲੀਆਂ ਬੂੰਦਾਂ ਹਨ, ਜਿਨ੍ਹਾਂ ਰਾਹੀਂ ਇਹ ਵਾਇਰਸ ਦੂਜੇ ਵਿਅਕਤੀ ਦੇ ਸਰੀਰ ਵਿੱਚ ਦਾਖ਼ਲ ਹੁੰਦਾ ਹੈ।

ਅਜਿਹੇ ਵਿੱਚ ਕਿਸੇ ਸੰਕਰਮਿਤ ਵਿਅਕਤੀ ਦੇ ਖੰਘਣ, ਛਿੱਕਣ ਜਾਂ ਬੋਲਣ ਨਾਲ ਇਹ ਵਾਇਰਸ ਸਾਹਮਣੇ ਵਾਲੇ ਵਿਅਕਤੀ ਨੂੰ ਵੀ ਸੰਕਰਮਿਤ ਕਰ ਸਕਦਾ ਹੈ। ਇਸ ਲਈ ਕਮਜ਼ੋਰ ਇਮਿਊਨਿਟੀ ਵਾਲੇ ਲੋਕਾਂ ਨੂੰ ਖ਼ਾਸ ਤੌਰ 'ਤੇ ਸਾਵਧਾਨ ਰਹਿਣ ਦੀ ਲੋੜ ਹੈ।

ਬਚਾਅ ਦੇ ਉਪਾਅ

ਕੋਵਿਡ-19 ਵਾਇਰਸ ਤੋਂ ਬਚਣ ਲਈ ਇਨ੍ਹਾਂ ਗੱਲਾਂ ਦਾ ਖ਼ਾਸ ਧਿਆਨ ਰੱਖੋ:

- ਘੱਟ ਹਵਾਦਾਰੀ ਵਾਲੀਆਂ ਥਾਵਾਂ ਅਤੇ ਭੀੜ-ਭੜੱਕੇ ਵਾਲੇ ਸਥਾਨਾਂ 'ਤੇ ਮਾਸਕ ਜ਼ਰੂਰ ਪਹਿਨੋ।

ਕਮਰੇ ਵਿੱਚ ਹਵਾਦਾਰੀ ਬਣਾਈ ਰੱਖੋ ਅਤੇ ਫਲੂ ਵਰਗੇ ਲੱਛਣਾਂ ਵਾਲੇ ਲੋਕਾਂ ਤੋਂ ਦੂਰੀ ਬਣਾ ਕੇ ਰੱਖੋ।

- ਹੱਥਾਂ ਨੂੰ ਸਾਫ਼ ਰੱਖੋ ਅਤੇ ਵਾਰ-ਵਾਰ ਚਿਹਰੇ ਨੂੰ ਛੂਹਣ ਤੋਂ ਬਚੋ।
- ਲੱਛਣਾਂ ਦਾ ਥੋੜ੍ਹਾ ਜਿਹਾ ਵੀ ਸ਼ੱਕ ਹੋਣ 'ਤੇ ਜਾਂਚ ਕਰਵਾਓ।
- ਖ਼ੁਦ ਬਿਮਾਰ ਹੋਣ ਦੀ ਸੂਰਤ ਵਿੱਚ ਦੂਜੇ ਲੋਕਾਂ ਨਾਲ ਸੰਪਰਕ ਘੱਟ ਰੱਖੋ।
- ਆਪਣੇ ਆਪ ਇਲਾਜ ਕਰਨ ਦੀ ਬਜਾਏ ਡਾਕਟਰ ਦੀ ਸਲਾਹ ਲਓ ਅਤੇ ਵੈਕਸੀਨ ਸਬੰਧੀ ਜਾਣਕਾਰੀ ਵੀ ਅਪਡੇਟ ਰੱਖੋ।

ਸਰਦੀ ਜ਼ਰੂਰ ਟ੍ਰਾਈ ਕਰੋ ਕੈਲਸ਼ੀਅਮ ਨਾਲ ਭਰਪੂਰ ਰਾਗੀ ਸੂਪ

ਸਰਦੀਆਂ ਸ਼ੁਰੂ ਹੁੰਦੇ ਹੀ ਸਭ ਤੋਂ ਪਹਿਲਾਂ ਜਿਸ ਚੀਜ਼ ਦਾ ਖ਼ਿਆਲ ਆਉਂਦਾ ਹੈ, ਉਹ ਹੈ ਰਜਾਈ ਅਤੇ ਗਰਮਾ-ਗਰਮ ਸੂਪ ਦਾ ਇੱਕ ਪਿਆਲਾ। ਅਕਸਰ ਅਸੀਂ ਸਰਦੀਆਂ ਦੀਆਂ ਸ਼ਾਮਾਂ ਵਿੱਚ ਟਮਾਟਰ ਜਾਂ ਕੌਰਨ ਸੂਪ ਪੀਣਾ ਹੀ ਪਸੰਦ ਕਰਦੇ ਹਾਂ ਅਤੇ ਉਸੇ ਪੁਰਾਣੇ ਸਵਾਦ ਦੇ ਆਦੀ ਹੋ ਜਾਂਦੇ ਹਾਂ।

ਪਰ ਜੇਕਰ ਤੁਸੀਂ ਇਸ ਵਾਰ ਕੁਝ ਨਵਾਂ, ਬੇਹੱਦ ਸਵਾਦਿਸ਼ਟ ਅਤੇ ਸਿਹਤਮੰਦ ਬਣਾਉਣਾ ਚਾਹੁੰਦੇ ਹੋ, ਤਾਂ ਰਾਗੀ ਦਾ ਸੂਪ ਤੁਹਾਡੇ ਲਈ ਇਸ ਸਰਦੀਆਂ ਦੇ ਮੌਸਮ ਵਿੱਚ ਇੱਕ ਵਧੀਆ ਆਪਸ਼ਨ ਹੋ ਸਕਦਾ ਹੈ।

ਇਸ ਸੂਪ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਨੂੰ ਪੀਣ ਤੋਂ ਬਾਅਦ ਪੇਟ ਵਿੱਚ ਭਾਰੀਪਣ ਮਹਿਸੂਸ ਨਹੀਂ ਹੁੰਦਾ। ਫਾਈਬਰ ਨਾਲ ਭਰਪੂਰ ਹੋਣ ਕਾਰਨ ਰਾਗੀ ਸੂਪ ਪਾਚਨ ਕਿਰਿਆ ਨੂੰ ਠੀਕ ਰੱਖਣ ਵਿੱਚ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਭਾਰ ਘਟਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਵੀ ਇੱਕ ਵਧੀਆ ਹੈ। ਯਾਨੀ ਤੁਸੀਂ ਬਿਨਾਂ ਕਿਸੇ ਫ਼ਿਕਰ ਦੇ ਸਵਾਦ ਅਤੇ ਸਿਹਤ ਦੋਵਾਂ ਦਾ ਆਨੰਦ ਮਾਣ ਸਕਦੇ ਹੋ।

ਰਾਗੀ ਸੂਪ ਬਣਾਉਣ ਲਈ ਜ਼ਰੂਰੀ ਸਮੱਗਰੀ

ਰਾਗੀ ਦਾ ਆਟਾ: 2 ਤੋਂ 3 ਵੱਡੇ ਚਮਚ
ਦੇਸੀ ਘਿਓ ਜਾਂ ਮੱਖਣ: 1 ਛੋਟਾ ਚਮਚ
ਲਸਣ: 3-4 ਤੁਰੀਆਂ (ਬਾਰੀਕ ਕੱਟੀਆਂ ਹੋਈਆਂ)
ਪਿਆਜ਼: 1 ਛੋਟਾ (ਬਾਰੀਕ ਕੱਟਿਆ ਹੋਇਆ)
ਸਬਜ਼ੀਆਂ: ਅੱਧਾ ਕੱਪ (ਬਾਰੀਕ ਕੱਟੀ ਹੋਈ ਗਾਜਰ, ਫਰੈਂਚ ਬੀਨਜ਼ ਅਤੇ ਸ਼ਿਮਲਾ ਮਿਰਚ)
ਕਾਲੀ ਮਿਰਚ ਪਾਊਡਰ: ਅੱਧਾ ਛੋਟਾ ਚਮਚ (ਸਵਾਦ ਅਨੁਸਾਰ)
ਨਮਕ: ਸਵਾਦ ਅਨੁਸਾਰ
ਪਾਣੀ: 2 ਤੋਂ 3 ਕੱਪ
ਹਰਾ ਧਨੀਆ: ਸਜਾਵਟ ਲਈ (ਬਾਰੀਕ ਕੱਟਿਆ ਹੋਇਆ)

ਰਾਗੀ ਸੂਪ ਬਣਾਉਣ ਦੀ ਆਸਾਨ ਵਿਧੀ

1. ਰਾਗੀ ਦਾ ਘੋਲ ਤਿਆਰ ਕਰੋ: ਸਭ ਤੋਂ ਪਹਿਲਾਂ ਇੱਕ ਛੋਟੀ ਕਟੋਰੀ ਵਿੱਚ ਰਾਗੀ ਦਾ ਆਟਾ ਲਓ ਅਤੇ ਇਸ ਵਿੱਚ ਅੱਧਾ ਕੱਪ ਪਾਣੀ ਪਾ ਕੇ ਚਮਚੇ ਨਾਲ ਚੰਗੀ ਤਰ੍ਹਾਂ ਮਿਲਾਓ। ਧਿਆਨ ਰੱਖੋ ਕਿ ਘੋਲ ਵਿੱਚ ਕੋਈ ਗੰਢ ਨਾ ਰਹਿ ਜਾਵੇ। ਇਸ ਘੋਲ ਨੂੰ ਇੱਕ ਪਾਸੇ ਰੱਖ ਦਿਓ।

2. ਲਸਣ ਅਤੇ ਪਿਆਜ਼ ਭੁੰਨੋ: ਹੁਣ ਗੈਸ 'ਤੇ ਇੱਕ ਸੂਪ ਪੈਨ ਜਾਂ ਕੜਾਹੀ ਰੱਖੋ ਅਤੇ ਇਸ ਵਿੱਚ ਘਿਓ ਜਾਂ ਮੱਖਣ ਪਾਓ। ਹਲਕਾ ਗਰਮ ਹੋਣ 'ਤੇ ਬਾਰੀਕ ਕੱਟਿਆ ਹੋਇਆ ਲਸਣ ਪਾਓ ਅਤੇ ਖ਼ੁਸ਼ਬੂ ਆਉਣ ਤੱਕ ਭੁੰਨੋ। ਇਸ ਤੋਂ ਬਾਅਦ ਬਾਰੀਕ ਕੱਟਿਆ ਪਿਆਜ਼ ਪਾਓ ਅਤੇ ਹਲਕਾ ਗੁਲਾਬੀ ਹੋਣ ਤੱਕ ਪਕਾਓ।

ਕੈਂਸਰ ਤੋਂ ਬਚਣ ਲਈ ਡਾਇਟ 'ਚ ਸ਼ਾਮਲ ਕਰੋ ਇਹ ਔਸ਼ਧੀਆਂ, ਮਿਲਣਗੇ ਜ਼ਬਰਦਸਤ ਫਾਇਦੇ



ਦੁਨੀਆ ਭਰ ਵਿਚ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਇਹ ਬੀਮਾਰੀ ਵਿਸ਼ਵ ਪੱਧਰ 'ਤੇ ਮੌਤ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ। ਗਲੋਬਲ ਬਰਡਨ ਆਫ ਡਿਡੀਜ਼ ਦੇ ਅਨੁਮਾਨਾਂ ਮੁਤਾਬਕ ਦੁਨੀਆ ਵਿਚ ਹਰ 6 ਵਿਚੋਂ ਇਕ ਮੌਤ ਕੈਂਸਰ ਕਾਰਨ ਹੁੰਦੀ ਹੈ। ਅਜਿਹੇ ਵਿਚ ਸਿਹਤਮੰਦ ਖਾਣ-ਪੀਣ ਤੇ ਬੇਹਤਰ ਜੀਵਨਸ਼ੈਲੀ ਅਪਨਾਉਣਾ ਜ਼ਰੂਰੀ ਹੈ।

ਸਿਹਤ ਮਾਹਿਰਾਂ ਮੁਤਾਬਕ ਖਰਾਬ ਖਾਣਪੀਣ ਤੇ ਜੀਵਨਸ਼ੈਲੀ ਦੀ ਗੜਬੜੀ ਵੀ ਕੈਂਸਰ ਦੇ ਜੋਖਿਮਾਂ ਨੂੰ ਵਧਾਉਣ ਵਾਲੀ ਹੋ ਸਕਦੀ ਹੈ। ਕੁਝ ਮਸਾਲਿਆਂ ਤੇ ਕੁਦਰਤੀ ਖਾਧ ਪਦਾਰਥਾਂ ਵਿਚ ਐਂਟੀ ਆਕਸੀਡੈਂਟ ਤੇ ਐਂਟੀ ਇੰਫਲੇਮੇਟਰੀ ਗੁਣ ਪਾਏ ਜਾਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਖਾਣ-ਪੀਣ ਦੀਆਂ ਚੀਜ਼ਾਂ ਸਿੱਧੇ ਕੈਂਸਰ ਨੂੰ ਤਾਂ ਖਤਮ ਨਹੀਂ ਕਰਦੀਆਂ ਹਨ ਪਰ ਇਨ੍ਹਾਂ ਦੇ ਸੇਵਨ ਨਾਲ ਕੈਂਸਰ ਦੇ ਕਾਰਨਾਂ ਨੂੰ ਘੱਟ ਕਰਨ ਵਿਚ ਜ਼ਰੂਰ ਲਾਭ ਮਿਲ ਸਕਦਾ ਹੈ।

ਹਲਦੀ ਦਾ ਸੇਵਨ ਹੋ ਸਕਦਾ ਹੈ ਫਾਇਦੇਮੰਦ

ਭਾਰਤੀ ਰਸੋਈ ਵਿਚ ਇਸਤੇਮਾਲ ਹੋਣ ਵਾਲੀ ਹਲਦੀ ਨੂੰ ਆਯੁਰਵੇਦ ਵਿਚ ਲੰਬੇ ਸਮੇਂ ਤੋਂ ਖਾਸ ਮਹੱਤਵ ਦਿੱਤਾ ਗਿਆ ਹੈ। ਇਸ ਵਿਚ ਐਂਟੀ ਇੰਫਲੇਮੇਟਰੀ ਤੇ ਐਂਟੀ ਆਕਸੀਡੈਂਟ ਗੁਣ ਪਾਏ ਜਾਂਦੇ ਹਨ। ਹਲਦੀ ਵਿਚ ਮੌਜੂਦ ਕਰਕਿਊਮਿਨ ਨਾਂ ਦੇ ਐਕਟਿਵ ਕੰਪਾਊਂਟ ਨੂੰ ਇਸ ਦੇ ਕਈ ਸਿਹਤਮੰਦ ਫਾਇਦਿਆਂ ਲਈ ਜਾਣਿਆ ਜਾਂਦਾ ਹੈ। ਸੋਧਕਰਤਾਵਾਂ ਮੁਤਾਬਕ ਕਰਕਿਊਮਿਨ ਵਿਚ ਸੋਜਿਸ਼ ਘੱਟ ਕਰਨ ਤੇ ਕੈਂਸਰ ਕੋਸ਼ਿਕਾਵਾਂ ਦੇ ਵਿਕਾਸ ਨਾਲ ਜੁੜੀਆਂ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੋ ਸਕਦੀ ਹੈ। ਇਸੇ ਕਾਰਨ ਕੈਂਸਰ ਦੇ ਸੰਭਾਵਿਤ ਜੋਖਮ ਨੂੰ ਘੱਟ ਕਰਨ ਵਿਚ ਇਸ ਦੀ ਭੂਮਿਕਾ ਨੂੰ ਲੈ ਕੇ ਲਗਾਤਾਰ ਅਧਿਐਨ ਕੀਤੇ ਜਾ ਰਹੇ ਹਨ।

ਕਾਲੀ ਮਿਰਚ ਵਿਚ ਵੀ ਪਾਏ ਜਾਂਦੇ ਹਨ ਕੈਂਸਰ ਰੋਕੂ ਗੁਣ

ਕਾਲੀ ਮਿਰਚ ਦਾ ਇਸਤੇਮਾਲ ਖਾਣ ਦਾ ਸੁਆਦ ਵਧਾਉਣ ਦੇ ਨਾਲ-ਨਾਲ ਰਵਾਇਤੀ ਔਸ਼ਧੀ ਵਜੋਂ ਵੀ ਕੀਤਾ ਜਾਂਦਾ ਰਿਹਾ ਹੈ। ਇਸ ਵਿਚ ਪਿਪੇਰਿਨ ਨਾਂ ਦਾ ਮਿਸ਼ਰਣ ਪਾਇਆ ਜਾਂਦਾ ਹੈ ਜਿਸ ਵਿਚ ਐਂਟੀ ਆਕਸੀਡੈਂਟ ਗੁਣ ਹੁੰਦੇ ਹਨ। ਇਕ ਅਧਿਐਨ ਵਿਚ ਪਾਇਆ ਗਿਾ ਕਿ ਕਾਲੀ ਮਿਰਚ ਛਾਤੀ ਦੇ ਕੈਂਸਰ ਦੇ ਟਿਊਮਰ ਵਿਚ ਮੌਜੂਦ ਕੈਂਸਰ ਸਟੇਮ ਕੋਸ਼ਿਕਾਵਾਂ ਦੇ ਵਿਕਾਸ ਨੂੰ ਰੋਕਣ ਵਿਚ ਪ੍ਰਭਾਵੀ ਹੋ ਸਕਦੇ ਹਨ। ਇਸ ਵਿਚ ਮੌਜੂਦ ਪਿਪੇਰਿਨ ਤੇ ਹੋਰ ਸਰਗਰਮ ਤੱਤਾਂ ਦੇ ਸੰਭਾਵਿਤ ਐਂਟੀ ਕੈਂਸਰ ਪ੍ਰਭਾਵਾਂ 'ਤੇ ਵੀ ਸੋਧ ਕੀਤਾ ਗਿਆ ਹੈ।

ਅਦਰਕ ਵੀ ਹੋ ਸਕਦਾ ਹੈ ਫਾਇਦੇਮੰਦ

ਅਦਰਕ ਵਿਚ ਐਂਟੀ ਇੰਫਲੇਮੇਟਰੀ ਤੇ ਐਂਟੀ ਆਕਸੀਡੈਂਟ ਗੁਣ ਵਾਲੇ ਸਰਗਰਮ ਮਿਸ਼ਰਣ ਪਾਏ ਜਾਂਦੇ ਹਨ। ਕੁਝ ਸੋਧਾਂ ਵਿਚ ਕੈਂਸਰ ਕੋਸ਼ਿਕਾਵਾਂ ਦੇ ਵਿਕਾਸ 'ਤੇ ਇਨ੍ਹਾਂ ਦੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ ਹੈ। ਅਦਰਕ ਕੀਮੋਥੈਰੇਪੀ ਵਿਚ ਹੋਣ ਵਾਲੀ ਉਲਟੀ ਨੂੰ ਘੱਟ ਕਰਨ ਵਿਚ ਮਦਦਗਾਰ ਹੋ ਸਕਦਾ ਹੈ। ਸਰਜਰੀ ਦੇ ਆਸ-ਪਾਸ ਇਸ ਦੇ ਸੇਵਨ ਨੂੰ ਲੈ ਕੇ ਡਾਕਟਰ ਦੀ ਸਲਾਹ ਜ਼ਰੂਰੀ ਹੈ।

ਸਰਦੀਆਂ 'ਚ ਗੋਭੀ ਤੇ ਸਾਗ ਖਾਣ ਦੇ ਸ਼ੌਕੀਨ ਹੋ?

ਤਾਂ ਪਕਾਉਣ ਤੋਂ ਪਹਿਲਾਂ ਜ਼ਰੂਰ ਕਰੋ ਇਹ 3 ਕੰਮ

ਸਰਦੀਆਂ ਦਾ ਮੌਸਮ ਆਉਂਦੇ ਹੀ ਬਾਜ਼ਾਰ ਵਿੱਚ ਹਰੀਆਂ-ਭਰੀਆਂ ਸਬਜ਼ੀਆਂ ਦੀ ਭਰਮਾਰ ਹੋ ਜਾਂਦੀ ਹੈ। ਮੱਕੀ ਦੀ ਰੋਟੀ ਨਾਲ ਸਰ੍ਹੋਂ ਦਾ ਸਾਗ ਹੋਵੇ ਜਾਂ ਫਿਰ ਗਰਮਾ-ਗਰਮ ਆਲੂ-ਗੋਭੀ ਦੀ ਸਬਜ਼ੀ, ਇਨ੍ਹਾਂ ਦਾ ਸੁਆਦ ਸਰਦੀਆਂ ਵਿੱਚ ਦੁੱਗਣਾ ਹੋ ਜਾਂਦਾ ਹੈ।



ਪਰ ਸੁਆਦ ਅਤੇ ਸਿਹਤ ਨਾਲ ਭਰਪੂਰ ਇਨ੍ਹਾਂ ਸਬਜ਼ੀਆਂ ਦੇ ਪੱਤਿਆਂ ਅਤੇ ਗੋਭੀ ਦੇ ਫੁੱਲਾਂ ਵਿਚਕਾਰ ਅਕਸਰ ਛੋਟੇ-ਛੋਟੇ ਕੀੜੇ ਜਾਂ ਸੁੰਡੀਆਂ ਲੁਕੀਆਂ ਹੁੰਦੀਆਂ ਹਨ, ਜੋ ਆਸਾਨੀ ਨਾਲ ਨਜ਼ਰ ਨਹੀਂ ਆਉਂਦੀਆਂ। ਜੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਾਫ਼ ਨਾ ਕੀਤਾ ਜਾਵੇ, ਤਾਂ ਇਹ ਸਿੱਧੇ ਸਾਡੀ ਥਾਲੀ ਅਤੇ ਪੇਟ ਤੱਕ ਪਹੁੰਚ ਸਕਦੀਆਂ ਹਨ, ਜਿਸ ਨਾਲ ਸਿਹਤ ਖ਼ਰਾਬ ਹੋਣ ਦਾ ਖ਼ਤਰਾ ਰਹਿੰਦਾ ਹੈ।

ਹਾਲਾਂਕਿ, ਤੁਹਾਨੂੰ ਘਬਰਾਉਣ ਜਾਂ ਆਪਣੀਆਂ ਮਨਪਸੰਦ ਸਬਜ਼ੀਆਂ ਛੱਡਣ ਦੀ ਕੋਈ ਲੋੜ ਨਹੀਂ ਹੈ। ਪਕਾਉਣ ਤੋਂ ਪਹਿਲਾਂ ਸਿਰਫ਼ ਇਹ 3 ਆਸਾਨ ਤਰੀਕੇ ਅਪਣਾ ਕੇ ਤੁਸੀਂ ਆਪਣੀਆਂ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਸਕਦੇ ਹੋ।

ਕੋਸੇ ਪਾਣੀ ਅਤੇ ਨਮਕ ਦੀ ਵਰਤੋਂ ਕਰੋ

ਗੋਭੀ ਅਤੇ ਸਾਗ ਨੂੰ ਸਾਫ਼ ਕਰਨ ਦਾ ਇਹ ਸਭ ਤੋਂ ਪੁਰਾਣਾ ਅਤੇ ਅਸਰਦਾਰ ਤਰੀਕਾ ਹੈ। ਗੋਭੀ ਨੂੰ ਟੁਕੜਿਆਂ ਵਿੱਚ ਕੱਟਣ ਅਤੇ ਸਾਗ ਦੇ ਪੱਤਿਆਂ ਨੂੰ ਚੁਣਨ ਤੋਂ ਬਾਅਦ ਉਨ੍ਹਾਂ ਨੂੰ ਇੱਕ ਵੱਡੇ ਬਰਤਨ ਵਿੱਚ ਪਾ ਦਿਓ। ਹੁਣ ਇਸ ਵਿੱਚ ਹਲਕਾ ਕੋਸਾ ਪਾਣੀ ਅਤੇ ਇੱਕ ਤੋਂ ਦੋ ਚਮਚ ਨਮਕ ਮਿਲਾ ਦਿਓ। ਸਬਜ਼ੀਆਂ ਨੂੰ ਇਸ ਪਾਣੀ ਵਿੱਚ 10 ਤੋਂ 15 ਮਿੰਟ ਲਈ ਇਸੇ ਤਰ੍ਹਾਂ ਛੱਡ ਦਿਓ। ਨਮਕ ਅਤੇ ਹਲਕੇ ਗਰਮ ਪਾਣੀ ਕਾਰਨ ਲੁਕੇ ਹੋਏ ਕੀੜੇ ਬਾਹਰ ਆ ਸਕਦੇ ਹਨ ਅਤੇ ਪਾਣੀ ਦੀ ਸਤ੍ਹਾ 'ਤੇ ਤੈਰਨ ਲੱਗਦੇ ਹਨ।

ਹਲਦੀ ਵਾਲੇ ਪਾਣੀ ਨਾਲ ਧੋਵੋ

ਹਲਦੀ ਵਿੱਚ ਕੁਦਰਤੀ ਤੌਰ 'ਤੇ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ। ਨਮਕ ਵਾਲੇ ਪਾਣੀ ਵਿੱਚੋਂ ਕੱਢਣ ਤੋਂ ਬਾਅਦ ਸਬਜ਼ੀਆਂ ਨੂੰ ਇੱਕ ਵਾਰ ਹਲਦੀ ਵਾਲੇ ਪਾਣੀ ਨਾਲ ਵੀ ਧੋ ਲਓ। ਇੱਕ ਬਰਤਨ ਵਿੱਚ ਸਾਫ਼ ਪਾਣੀ ਲਓ ਅਤੇ ਉਸ ਵਿੱਚ ਅੱਧਾ ਚਮਚ ਹਲਦੀ ਮਿਲਾ ਦਿਓ। ਆਪਣੀ ਗੋਭੀ ਜਾਂ ਸਾਗ ਨੂੰ ਇਸ ਵਿੱਚ ਪਾ ਕੇ ਚੰਗੀ ਤਰ੍ਹਾਂ ਧੋ ਲਓ। ਇਸ ਨਾਲ ਬਚੇ ਹੋਏ ਕੀੜੇ ਅਤੇ ਸਬਜ਼ੀਆਂ 'ਤੇ ਲੱਗੀ ਮਿੱਟੀ ਸਾਫ਼ ਕਰਨ ਵਿੱਚ ਮਦਦ ਮਿਲੇਗੀ। ਹਾਲਾਂਕਿ, ਹਲਦੀ ਵਾਲਾ ਪਾਣੀ ਕੀਟਨਾਸ਼ਕ ਰਸਾਇਣਾਂ ਨੂੰ ਪੂਰੀ ਤਰ੍ਹਾਂ ਹਟਾਉਣ ਦੀ ਗਾਰੰਟੀ ਨਹੀਂ ਦਿੰਦਾ।

ਚੰਗੀ ਰੌਸ਼ਨੀ ਵਿੱਚ ਚੁਣੋ ਅਤੇ ਵਗਦੇ ਪਾਣੀ ਨਾਲ ਧੋਵੋ

ਸਬਜ਼ੀਆਂ ਨੂੰ ਹਮੇਸ਼ਾ ਚੰਗੀ ਰੌਸ਼ਨੀ ਵਿੱਚ ਬੈਠ ਕੇ ਕੱਟਣਾ ਚਾਹੀਦਾ ਹੈ। ਗੋਭੀ ਨੂੰ ਕਦੇ ਵੀ ਸਾਬਤ ਨਾ ਉਬਾਲੋ, ਸਗੋਂ ਉਸ ਦੇ ਛੋਟੇ-ਛੋਟੇ ਫੁੱਲ ਵੱਖ ਕਰਕੇ ਅੰਦਰ ਤੱਕ ਜਾਂਚ ਕਰੋ ਕਿ ਕਿਤੇ ਕੋਈ ਕੀੜਾ ਤਾਂ ਨਹੀਂ ਲੁਕਿਆ ਹੋਇਆ। ਸਾਗ ਦੇ ਪੱਤਿਆਂ ਨੂੰ ਵੀ ਇੱਕ-ਇੱਕ ਕਰਕੇ ਖੋਲ੍ਹ ਕੇ ਦੇਖਣਾ ਜ਼ਰੂਰੀ ਹੈ। ਨਮਕ ਅਤੇ ਹਲਦੀ ਵਾਲੇ ਪਾਣੀ ਨਾਲ ਧੋਣ ਤੋਂ ਬਾਅਦ ਅਖੀਰ ਵਿੱਚ ਸਬਜ਼ੀਆਂ ਨੂੰ ਨਲ ਦੇ ਵਗਦੇ ਪਾਣੀ ਹੇਠ ਰੱਖ ਕੇ ਚੰਗੀ ਤਰ੍ਹਾਂ ਧੋਵੋ। ਇਸ ਨਾਲ ਪੱਤਿਆਂ ਵਿਚਕਾਰ ਫਸੀ ਗੰਦਗੀ ਅਤੇ ਛੋਟੇ ਕੀੜੇ ਬਾਹਰ ਨਿਕਲਣ ਵਿੱਚ ਮਦਦ ਮਿਲਦੀ ਹੈ।

ਇਹ 3 ਆਸਾਨ ਕਦਮ ਅਪਣਾਉਣ ਤੋਂ ਬਾਅਦ ਤੁਸੀਂ ਬੇਫ਼ਿਕਰ ਹੋ ਕੇ ਸਰਦੀਆਂ ਦੀਆਂ ਇਨ੍ਹਾਂ ਸੁਆਦੀ ਅਤੇ ਪੌਸ਼ਟਿਕ ਸਬਜ਼ੀਆਂ ਦਾ ਆਨੰਦ ਮਾਣ ਸਕਦੇ ਹੋ। ਇਸ ਤਰ

ਰਾਸ਼ੀਫਲ



ਮੇਸ਼– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਅੱਠਵੇਂ ਘਰ ਵਿੱਚ ਹੋਵੇਗਾ। ਅੱਜ, ਤੁਹਾਡਾ ਧਿਆਨ ਅਧਿਆਤਮਿਕਤਾ ਵੱਲ ਵਧੇਰੇ ਹੋਵੇਗਾ। ਤੁਸੀਂ ਰਹੱਸਾਂ ਨਾਲ ਭਰੇ ਗੁਪਤ ਵਿਗਿਆਨਾਂ ਵੱਲ ਵੀ ਖਿੱਚੇ ਜਾਓਗੇ। ਡੂੰਘਾ ਚਿੰਤਨ ਤੁਹਾਨੂੰ ਇੱਕ ਵਿਲੱਖਣ ਅਨੁਭਵ ਦੇਵੇਗਾ। ਜੇਕਰ ਤੁਸੀਂ ਆਪਣੀ ਬੋਲੀ 'ਤੇ ਕਾਬੂ ਰੱਖਦੇ ਹੋ, ਤਾਂ ਤੁਸੀਂ ਬਹੁਤ ਸਾਰੇ ਮਤਭੇਦਾਂ ਤੋਂ ਬਚ ਸਕੋਗੇ। ਆਪਣੇ ਜੀਵਨ ਸਾਥੀ ਨਾਲ ਤੁਹਾਡੇ ਰਿਸ਼ਤੇ ਆਮ ਰਹਿਣਗੇ। ਵਿੱਤੀ ਲਾਭ ਸੰਭਵ ਹੈ। ਤੁਸੀਂ ਆਪਣੇ ਵਿਰੋਧੀਆਂ 'ਤੇ ਹਾਵੀ ਹੋਵੋਗੇ। ਅੱਜ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਬਚੋ। ਨੌਕਰੀਪੇਸ਼ਾ ਲੋਕਾਂ ਨੂੰ ਸਮੇਂ ਸਿਰ ਆਪਣਾ ਕੰਮ ਪੂਰਾ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ।

ਟੌਰਸ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਸੱਤਵੇਂ ਘਰ ਵਿੱਚ ਹੋਵੇਗਾ। ਤੁਹਾਡੇ ਜੀਵਨ ਸਾਥੀ ਨਾਲ ਤੁਹਾਡਾ ਰਿਸ਼ਤਾ ਮਜ਼ਬੂਤ ਹੋਵੇਗਾ। ਤੁਸੀਂ ਰੋਮਾਂਟਿਕ ਪਲਾਂ ਦਾ ਅਨੁਭਵ ਕਰੋਗੇ। ਤੁਸੀਂ ਪਰਿਵਾਰਕ ਜਾਂ ਸਮਾਜਿਕ ਸਮਾਗਮਾਂ ਵਿੱਚ ਸ਼ਾਮਲ ਹੋਵੋਗੇ। ਯਾਤਰਾ ਸੰਭਵ ਹੈ। ਤੁਸੀਂ ਆਪਣੇ ਆਪ ਦਾ ਆਨੰਦ ਮਾਣਦੇ ਹੋਏ ਸਮਾਂ ਬਿਤਾ ਸਕੋਗੇ। ਤੁਸੀਂ ਖੁਸ਼ੀ ਦਾ ਅਨੁਭਵ ਕਰੋਗੇ। ਤੁਹਾਨੂੰ ਸਮਾਜ ਵਿੱਚ ਸਤਿਕਾਰ ਮਿਲੇਗਾ। ਤੁਹਾਡੀ ਸਾਖ ਵਧੇਗੀ। ਕਾਰੋਬਾਰੀ ਆਪਣੇ ਕਾਰੋਬਾਰ ਦਾ ਵਿਸਤਾਰ ਕਰ ਸਕਣਗੇ। ਭਾਈਵਾਲੀ ਦਾ ਕੰਮ ਲਾਭਦਾਇਕ ਰਹੇਗਾ। ਵਿੱਤੀ ਲਾਭ ਵੀ ਪ੍ਰਾਪਤ ਹੋਵੇਗਾ। ਤੁਹਾਨੂੰ ਵਿਦੇਸ਼ਾਂ ਤੋਂ ਚੰਗੀ ਖ਼ਬਰ ਮਿਲ ਸਕਦੀ ਹੈ। ਨੌਕਰੀ ਕਰਨ ਵਾਲੇ ਲੋਕਾਂ ਨੂੰ ਸਾਥੀਆਂ ਤੋਂ ਸਮਰਥਨ ਮਿਲੇਗਾ।

ਮਿਥੁਨ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਛੇਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਨੂੰ ਆਪਣੇ ਨਾਮ ਅਤੇ ਕੰਮ ਵਿੱਚ ਸਫਲਤਾ ਮਿਲੇਗੀ। ਘਰ ਅਤੇ ਤੁਹਾਡੇ ਪਰਿਵਾਰ ਵਿੱਚ ਸ਼ਾਂਤੀਪੂਰਨ ਮਾਹੌਲ ਰਹੇਗਾ। ਤੁਹਾਡਾ ਸਰੀਰ ਅਤੇ ਮਨ ਸਿਹਤਮੰਦ ਰਹੇਗਾ। ਵਿੱਤੀ ਲਾਭ ਦੀ ਵੀ ਸੰਭਾਵਨਾ ਹੈ। ਤੁਹਾਡਾ ਪੈਸਾ ਸਹੀ ਢੰਗ ਨਾਲ ਖਰਚ ਹੋਵੇਗਾ। ਲੰਬੇ ਸਮੇਂ ਤੋਂ ਲਟਕ ਰਹੇ ਕੰਮ ਹੁਣ ਪੂਰੇ ਹੋਣਗੇ। ਕੰਮ 'ਤੇ ਤੁਹਾਡੀ ਕੰਮ ਪ੍ਰਤੀ ਨੈਤਿਕਤਾ ਦੀ ਪ੍ਰਸ਼ੰਸਾ ਕੀਤੀ ਜਾਵੇਗੀ। ਤੁਸੀਂ ਮੁਕਾਬਲਿਆਂ ਵਿੱਚ ਸਫਲ ਹੋਵੋਗੇ। ਆਪਣੇ ਗੁੱਸੇ ਨੂੰ ਕਾਬੂ ਵਿੱਚ ਰੱਖੋ। ਤੁਹਾਨੂੰ ਬਿਹਤਰ ਸਿਹਤ ਦਾ ਲਾਭ ਹੋਵੇਗਾ।

ਕਰਕ– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਪੰਜਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਚਿੰਤਤ ਹੋਵੋਗੇ। ਨਕਾਰਾਤਮਕ ਵਿਚਾਰ ਤੁਹਾਨੂੰ ਪਰੇਸ਼ਾਨ ਕਰਨਗੇ। ਤੁਹਾਨੂੰ ਪੇਟ ਦਰਦ ਦਾ ਅਨੁਭਵ ਹੋ ਸਕਦਾ ਹੈ। ਅਚਾਨਕ ਖਰਚੇ ਸੰਭਵ ਹਨ। ਪ੍ਰੇਮੀਆਂ ਵਿਚਕਾਰ ਬਹਿਸ ਟਕਰਾਅ ਦਾ ਕਾਰਨ ਬਣ ਸਕਦੀ ਹੈ। ਕਿਸੇ ਨਵੇਂ ਵਿਅਕਤੀ ਵੱਲ ਖਿੱਚ ਮੁਸੀਬਤ ਲਿਆ ਸਕਦੀ ਹੈ। ਨਵਾਂ ਕੰਮ ਸ਼ੁਰੂ ਕਰਨ ਜਾਂ ਯਾਤਰਾ ਕਰਨ ਤੋਂ ਬਚੋ। ਆਪਣੇ ਜੀਵਨ ਸਾਥੀ ਨਾਲ ਵਿਚਾਰਾਂ ਦੇ ਮਤਭੇਦ ਹੋ ਸਕਦੇ ਹਨ। ਅੱਜ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰੋ।

ਸਿੰਘ– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਚੌਥੇ ਘਰ ਵਿੱਚ ਹੋਵੇਗਾ। ਨਕਾਰਾਤਮਕ ਵਿਚਾਰ ਤੁਹਾਡੇ ਮਨ ਨੂੰ ਘੇਰ ਲੈਣਗੇ, ਜਿਸ ਨਾਲ ਨਿਰਾਸ਼ਾ ਹੋਵੇਗੀ। ਤੁਹਾਡਾ ਮਨ ਬਿਮਾਰ ਰਹੇਗਾ। ਘਰ ਵਿੱਚ ਸਮਾਜਿਕ ਮੇਲ-ਜੋਲ ਸੀਮਤ ਰਹੇਗਾ। ਤੁਸੀਂ ਆਪਣੀ ਮਾਂ ਦੀ ਸਿਹਤ ਬਾਰੇ ਚਿੰਤਤ ਹੋਵੋਗੇ। ਤੁਹਾਡੇ ਉਸ ਨਾਲ ਵਿਚਾਰਧਾਰਕ ਮਤਭੇਦ ਵੀ ਹੋ ਸਕਦੇ ਹਨ। ਅੱਜ ਜ਼ਮੀਨ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਪੜ੍ਹਨਾ ਯਕੀਨੀ ਬਣਾਓ। ਨੌਕਰੀ ਕਰਨ ਵਾਲੇ ਲੋਕ ਚਿੰਤਾ ਦਾ ਅਨੁਭਵ ਕਰ ਸਕਦੇ ਹਨ।

ਕੰਨਿਆ– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਤੀਜੇ ਘਰ ਵਿੱਚ ਹੋਵੇਗਾ। ਅੱਜ, ਤੁਹਾਡਾ ਮਨ ਸ਼ਾਂਤ, ਤਾਜ਼ਗੀ ਅਤੇ ਖੁਸ਼ ਰਹੇਗਾ। ਤੁਸੀਂ ਕੰਮ ਵਿੱਚ ਸਫਲਤਾ ਪ੍ਰਾਪਤ ਕਰੋਗੇ। ਪਰਿਵਾਰ ਅਤੇ ਅਜ਼ੀਜ਼ਾਂ ਨਾਲ ਸਬੰਧ ਸੁਹਿਰਦ ਰਹਿਣਗੇ, ਅਤੇ ਤੁਹਾਨੂੰ ਉਨ੍ਹਾਂ ਦਾ ਸਮਰਥਨ ਮਿਲੇਗਾ। ਤੁਸੀਂ ਅਧਿਆਤਮਿਕ ਮਾਮਲਿਆਂ ਵਿੱਚ ਸਫਲਤਾ ਪ੍ਰਾਪਤ ਕਰੋਗੇ। ਤੁਹਾਡੇ ਜੀਵਨ ਸਾਥੀ ਨਾਲ ਤੁਹਾਡਾ ਰਿਸ਼ਤਾ ਚੰਗਾ ਰਹੇਗਾ। ਤੁਹਾਡੀ ਪ੍ਰੇਮ ਜ਼ਿੰਦਗੀ ਸੰਤੁਸ਼ਟੀਜਨਕ ਰਹੇਗੀ। ਕਾਰੋਬਾਰ ਵਿੱਚ ਲਾਭ ਹੋਣ ਦੀ ਸੰਭਾਵਨਾ ਹੈ।

ਤੁਲਾ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਦੂਜੇ ਘਰ ਵਿੱਚ ਹੋਵੇਗਾ। ਮਾਨਸਿਕ ਉਲਝਣ ਕਾਰਨ ਫੈਸਲੇ ਲੈਣ ਵਿੱਚ ਮੁਸ਼ਕਲ ਆਵੇਗੀ। ਅੱਜ ਕੁਝ ਵੀ ਨਵਾਂ ਜਾਂ ਮਹੱਤਵਪੂਰਨ ਸ਼ੁਰੂ ਕਰਨ ਲਈ ਚੰਗਾ ਦਿਨ ਨਹੀਂ ਹੈ। ਕਿਸੇ ਨਾਲ ਗਲਤ ਵਿਵਹਾਰ ਕਰਨ ਨਾਲ ਤੁਹਾਨੂੰ ਦੁੱਖ ਹੋਵੇਗਾ। ਜ਼ਿੱਦ ਨੂੰ ਛੱਡਣ ਨਾਲ ਸਕਾਰਾਤਮਕ ਨਤੀਜੇ ਮਿਲਣਗੇ। ਪਰਿਵਾਰ ਦੇ ਮੈਂਬਰਾਂ ਨਾਲ ਬਹਿਸ ਤੋਂ ਬਚੋ। ਆਪਣੇ ਜੀਵਨ ਸਾਥੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੋ। ਆਪਣੀ ਸਿਹਤ ਵੱਲ ਧਿਆਨ ਦਿਓ। ਤੁਹਾਨੂੰ ਵਿੱਤੀ ਤੌਰ 'ਤੇ ਲਾਭ ਹੋਵੇਗਾ। ਹੁਣੇ ਕੋਈ ਨਿਵੇਸ਼ ਯੋਜਨਾਵਾਂ ਨਾ ਬਣਾਓ।

ਸਕਾਰਪੀਓ– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਪਹਿਲੇ ਘਰ ਵਿੱਚ ਹੋਵੇਗਾ। ਤੁਸੀਂ ਪਰਿਵਾਰ ਨਾਲ ਆਨੰਦ ਮਾਣਦੇ ਹੋਏ ਦਿਨ ਬਿਤਾਓਗੇ। ਤੁਸੀਂ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦੀ ਖੁਸ਼ੀ ਮਹਿਸੂਸ ਕਰੋਗੇ। ਅਜ਼ੀਜ਼ਾਂ ਨਾਲ ਮੁਲਾਕਾਤਾਂ ਸਫਲ ਅਤੇ ਆਨੰਦਦਾਇਕ ਹੋਣਗੀਆਂ। ਤੁਹਾਨੂੰ ਖੁਸ਼ਖਬਰੀ ਮਿਲੇਗੀ। ਤੁਸੀਂ ਦੋਸਤਾਂ ਅਤੇ ਅਜ਼ੀਜ਼ਾਂ ਤੋਂ ਤੋਹਫ਼ਿਆਂ ਤੋਂ ਖੁਸ਼ ਹੋਵੋਗੇ। ਤੁਹਾਡੀ ਯਾਤਰਾ ਸੁਹਾਵਣੀ ਰਹੇਗੀ। ਤੁਹਾਡੇ ਵਿਆਹੁਤਾ ਜੀਵਨ ਵਿੱਚ ਮਿਠਾਸ ਆਵੇਗੀ। ਕੁੱਲ ਮਿਲਾ ਕੇ, ਪੂਰਾ ਦਿਨ ਖੁਸ਼ੀ ਵਿੱਚ ਬਤੀਤ ਹੋਵੇਗਾ।

ਧਨੁ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਦੁਰਘਟਨਾ ਦਾ ਡਰ ਬਣਿਆ ਹੋਇਆ ਹੈ। ਹਰ ਮਾਮਲੇ ਵਿੱਚ ਸਾਵਧਾਨ ਰਹੋ। ਅਚਾਨਕ ਖਰਚੇ ਸੰਭਵ ਹਨ। ਤੁਹਾਨੂੰ ਕੁਝ ਹਮਲਾਵਰਤਾ ਦਾ ਅਨੁਭਵ ਹੋ ਸਕਦਾ ਹੈ। ਦੁਪਹਿਰ ਨੂੰ ਹਾਲਾਤ ਸੁਧਰਨਗੇ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਕਾਇਮ ਰਹੇਗੀ। ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਤੋਹਫ਼ੇ ਮਿਲਣ ਦੀ ਸੰਭਾਵਨਾ ਹੈ। ਪਰਿਵਾਰਕ ਮਾਹੌਲ ਖੁਸ਼ਹਾਲ ਰਹੇਗਾ। ਨੌਕਰੀ ਕਰਨ ਵਾਲਿਆਂ ਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਕਾਰੋਬਾਰ ਵਿੱਚ ਲਾਭ ਹੋਣ ਦੀ ਸੰਭਾਵਨਾ ਹੈ। ਹਾਲਾਂਕਿ, ਅੱਜ ਆਪਣੇ ਸਾਰੇ ਯਤਨਾਂ ਵਿੱਚ ਸਾਵਧਾਨੀ ਵਰਤੋ।

ਮਕਰ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਕੰਮ ਅਤੇ ਕਾਰੋਬਾਰ ਸਮੇਤ ਸਾਰੇ ਖੇਤਰਾਂ ਵਿੱਚ ਲਾਭਦਾਇਕ ਸਾਬਤ ਹੋਵੇਗਾ। ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਬਾਹਰ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ। ਤੁਹਾਨੂੰ ਸ਼ੁਭ ਮੌਕਿਆਂ 'ਤੇ ਸ਼ਾਮਲ ਹੋਣ ਦਾ ਮੌਕਾ ਮਿਲੇਗਾ। ਤੁਹਾਨੂੰ ਆਪਣੇ ਪਰਿਵਾਰ ਤੋਂ ਵਿਸ਼ੇਸ਼ ਲਾਭ ਪ੍ਰਾਪਤ ਹੋਣਗੇ। ਵਿਆਹੁਤਾ ਜੋੜੇ ਇੱਕ ਰਿਸ਼ਤਾ ਸੁਰੱਖਿਅਤ ਕਰਨ ਦੇ ਯੋਗ ਹੋ ਸਕਦੇ ਹਨ। ਯਾਤਰਾ ਵੀ ਸੰਭਵ ਹੈ। ਤੁਹਾਨੂੰ ਆਪਣੀ ਸਿਹਤ ਦਾ ਖਾਸ ਧਿਆਨ ਰੱਖਣ ਦੀ ਜ਼ਰੂਰਤ ਹੋਏਗੀ।

ਕੁੰਭ– ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਦਸਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਸਾਰੇ ਕੰਮ ਸੁਚਾਰੂ ਢੰਗ ਨਾਲ ਪੂਰੇ ਹੋਣਗੇ। ਤੁਸੀਂ ਖੁਸ਼ੀ ਦਾ ਅਨੁਭਵ ਕਰੋਗੇ। ਇਹ ਕੰਮ ਜਾਂ ਕਾਰੋਬਾਰ ਲਈ ਚੰਗਾ ਸਮਾਂ ਹੈ, ਅਤੇ ਸਫਲਤਾ ਪ੍ਰਾਪਤ ਹੋਵੇਗੀ। ਬਜ਼ੁਰਗਾਂ ਅਤੇ ਉੱਚ ਅਧਿਕਾਰੀਆਂ ਦਾ ਸਮਰਥਨ ਤੁਹਾਡੀਆਂ ਚਿੰਤਾਵਾਂ ਨੂੰ ਘਟਾਏਗਾ। ਤੁਹਾਡੇ ਵਿਆਹੁਤਾ ਜੀਵਨ ਵਿੱਚ ਖੁਸ਼ਹਾਲ ਮਾਹੌਲ ਰਹੇਗਾ। ਆਮਦਨ ਵਧੇਗੀ। ਨੌਕਰੀ ਕਰਨ ਵਾਲਿਆਂ ਨੂੰ ਤਰੱਕੀ ਮਿਲਣ ਦੀ ਸੰਭਾਵਨਾ ਹੈ। ਅੱਜ ਤੁਹਾਨੂੰ ਆਪਣੇ ਪ੍ਰੇਮ ਜੀਵਨ ਵਿੱਚ ਵਿਸ਼ੇਸ਼ ਸਫਲਤਾ ਮਿਲੇਗੀ। ਇੱਕ ਨਵਾਂ ਰਿਸ਼ਤਾ ਵੀ ਸ਼ੁਰੂ ਹੋ ਸਕਦਾ ਹੈ।

ਮੀਨ – ਚੰਦਰਮਾ ਅੱਜ, ਬੁੱਧਵਾਰ, 11 ਨਵੰਬਰ, 2026 ਨੂੰ ਸਕਾਰਪੀਓ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਨੌਵੇਂ ਘਰ ਵਿੱਚ ਹੋਵੇਗਾ। ਧਿਆਨ ਰੱਖੋ ਕਿ ਨਕਾਰਾਤਮਕਤਾ ਤੁਹਾਡੇ 'ਤੇ ਹਾਵੀ ਨਾ ਹੋਵੇ। ਮਾਨਸਿਕ ਉਲਝਣ ਤੁਹਾਨੂੰ ਡਰਾਉਣੀ ਮਹਿਸੂਸ ਕਰਵਾਏਗੀ। ਤੁਹਾਨੂੰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਹੇਗਾ। ਕੰਮ 'ਤੇ ਉੱਚ ਅਧਿਕਾਰੀਆਂ ਨਾਲ ਸਾਵਧਾਨ ਰਹੋ। ਟਕਰਾਅ ਦੀ ਸੰਭਾਵਨਾ ਹੈ। ਤੁਸੀਂ ਆਪਣੇ ਬੱਚਿਆਂ ਬਾਰੇ ਚਿੰਤਤ ਹੋਵੋਗੇ। ਵਿਰੋਧੀ ਤੁਹਾਡੇ ਰਾਹ ਵਿੱਚ ਰੁਕਾਵਟਾਂ ਪੈਦਾ ਕਰ ਸਕਦੇ ਹਨ। ਅੱਜ ਕੋਈ ਵੀ ਮਹੱਤਵਪੂਰਨ ਫੈਸਲਾ ਲੈਣ ਤੋਂ ਬਚੋ।

ਕਹਾਣੀ– ਧੀ ਦੇ ਹਿੱਸੇ ਦਾ ਅਸਮਾਨ

ਬੈਠਕ ਵਿੱਚ ਪੱਖਾ ਹੌਲੀ-ਹੌਲੀ ਘੂੰ-ਘੂੰ ਕਰ ਰਿਹਾ ਸੀ। ਟੈਲੀਵਿਜ਼ਨ ਉੱਤੇ ਖ਼ਬਰਾਂ ਚੱਲ ਰਹੀਆਂ ਸਨ, ਪਰ ਆਵਾਜ਼ ਬੰਦ ਸੀ। ਇੱਕ ਸੋਫ਼ੇ ਉੱਤੇ ਮੰਮੀ ਬੈਠੀ ਸਬਜ਼ੀ ਸਾਫ਼ ਕਰਕੇ ਕੱਟ ਰਹੀ ਸੀ ਤੇ ਦੂਜੇ ਉੱਤੇ ਦਾਦੀ ਬੈਠੀ ਸੀ, ਜੋ ਦੋ ਮਹੀਨਿਆਂ ਲਈ ਦਿੱਲੀਓਂ ਆਈ ਹੋਈ ਸੀ। ਉਹ ਅੱਜਕੱਲ੍ਹ ਆਪਣੇ ਛੋਟੇ ਪੁੱਤ ਕੋਲ ਰਹਿੰਦੀ ਸੀ। ਰਸੋਈ ਵਿੱਚੋਂ ਕੁੱਕਰ ਦੀਆਂ ਸੀਟੀਆਂ ਦੀ ਆਵਾਜ਼ ਘਰ ਦੀ ਚੁੱਪ ਵਿੱਚ ਕਿਸੇ ਦਬਾਅ ਵਾਂਗ ਧੜਕ ਰਹੀ ਸੀ।

ਅਚਾਨਕ ਫ਼ੋਨ ਉੱਤੇ ਸੁਨੇਹਾ ਆਉਣ ਦੀ ਟੱਲੀ ਵੱਜੀ। ਪਾਪਾ ਨੇ ਮੋਬਾਈਲ ਵੱਲ ਤੱਕਿਆ ਤੇ ਫਿਰ ਅਖ਼ਬਾਰ ਹੇਠਾਂ ਰੱਖਦਿਆਂ ਨਿਰਾਸ਼ਾ ਭਰੇ ਸੁਰ ਵਿੱਚ ਕਿਹਾ,

“ਮੈਂ ਨਹੀਂ ਚਾਹੁੰਦਾ ਮੇਰਾ ਪੁੱਤ ਇੰਨੀ ਦੂਰ ਜਾ ਕੇ ਰਹੇ... ਉੱਥੇ ਕੱਲਾ ਕੀ ਕਰੇਗਾ? ਕੋਰਸ ਵੀ ਬਦਲਣਾ ਪੈ ਰਿਹਾ ਓਹਨੂੰ...”

ਗੱਲ ਭਰਾ ਦੀ ਕੈਨੇਡਾ ਵਾਲੀ ਫ਼ਾਈਲ ਅਤੇ ਉੱਥੇ ਉਸ ਦੀ ਡਾਵਾਂਡੋਲ ਹੁੰਦੀ ਪੜ੍ਹਾਈ ਦੀ ਸੀ। ਮੇਜ਼ ਉੱਤੇ ਬੈਠ ਕੇ ਕੰਮ ਕਰ ਰਹੀ ਧੀ ਦੇ ਅੰਦਰ ਇੱਕ ਪੁਰਾਣਾ ਜ਼ਖ਼ਮ ਮੁੜ ਹਰਾ ਹੋ ਗਿਆ। ਉਸ ਨੇ ਚੁੱਪਚਾਪ ਕੰਪਿਊਟਰ ਦਾ ਢੱਕਣ ਬੰਦ ਕਰ ਦਿੱਤਾ।

ਪਾਪਾ ਨੇ ਉਸ ਦੀ ਖ਼ਾਮੋਸ਼ੀ ਭਾਂਪ ਲਈ, “ਕੀ ਹੋਇਆ ਪੁੱਤ ? ਤੂੰ ਕਿਉਂ ਉਦਾਸ ਹੋ ਗਈ?”

ਉਸ ਨੇ ਸਿੱਧਾ ਪਾਪਾ ਦੀਆਂ ਅੱਖਾਂ ਵਿੱਚ ਤੱਕਿਆ, “ਕੁਝ ਨਹੀਂ ਪਾਪਾ।” ਫਿਰ ਇੱਕ ਪਲ ਰੁਕ ਕੇ ਬੋਲੀ, “ਇੱਕ ਗੱਲ ਪੁੱਛਾਂ?”

“ਹਾਂ, ਪੁੱਛ।”

“ਤੁਸੀਂ ਮੈਨੂੰ ਜ਼ਿੰਦਗੀ ਵਿੱਚ ਕਦੇ ਇਹ ਕਿਹਾ ਹੈ—‘ਜੋ ਤੈਨੂੰ ਠੀਕ ਲੱਗੇ, ਕਰ ਲੈ’?”

ਪਾਪਾ ਦੇ ਹੱਥਾਂ ਵਿੱਚ ਫੜਿਆ ਅਖ਼ਬਾਰ ਜਿਵੇਂ ਠਹਿਰ ਗਿਆ, “ਇਹ ਕੀ ਅਜੀਬ ਜਿਹਾ ਸਵਾਲ ਹੋਇਆ?”

“ਬੱਸ ਪੁੱਛ ਰਹੀ ਆਂ। ਇਹ ਗੱਲ ਤੁਸੀਂ ਹਮੇਸ਼ਾ ਵੀਰੇ ਨੂੰ ਹੀ ਕਹੀ ਹੈ। ਚਾਹੇ ਉਹ ਭਟਕਦਾ ਵੀ ਰਿਹਾ, ਪਰ ਫ਼ੈਸਲੇ ਉਹਦੇ ਆਪਣੇ ਸਨ।”

ਕਮਰੇ ਵਿੱਚ ਕੁੱਕਰ ਦੀ ਭਾਫ਼ ਵਾਂਗ ਦੱਬੀ ਹੋਈ ਚੁੱਪ ਦਾ ਦਬਾਅ ਵਧ ਗਿਆ। ਮੰਮੀ ਦੇ ਹੱਥਾਂ ਵਿੱਚੋਂ ਸਬਜ਼ੀ ਵਾਲੀ ਥਾਲੀ ਹੌਲੀ ਜਿਹੀ ਖਿਸਕ ਗਈ।

ਉਸ ਚੁੱਪ ਨੇ ਉਸ ਨੂੰ ਅੱਠ ਸਾਲ ਪਿੱਛੇ, ਦਸਵੀਂ ਜਮਾਤ ਦੇ ਦਿਨਾਂ ਵਿੱਚ ਧੱਕ ਦਿੱਤਾ।

ਉਸ ਦਿਨ ਉਹ ਸਕੂਲ ਦੀ ਮੈਰਿਟ-ਸੂਚੀ ਲੈ ਕੇ ਖ਼ੁਸ਼ੀ-ਖ਼ੁਸ਼ੀ ਘਰ ਆਈ ਸੀ। ਸ਼ਹਿਰ ਦੇ ਸਭ ਤੋਂ ਵਧੀਆ ਸਕੂਲ ਨੇ ਉਸ ਨੂੰ ਵਜ਼ੀਫ਼ਾ ਦਿੱਤਾ ਸੀ।

“ਪਾਪਾ! ਮੇਰਾ ਨਾਂ ਸਭ ਤੋਂ ਉੱਪਰ ਹੈ! ਸਾਰੀ ਫ਼ੀਸ ਮੁਆਫ਼! ਮੈਂ ਸਾਇੰਸ ਲਵਾਂਗੀ!”

ਉਸ ਨੂੰ ਭਰੋਸਾ ਸੀ ਕਿ ਪਾਪਾ ਉਸ ਨੂੰ ਗਲ ਨਾਲ ਲਾ ਲੈਣਗੇ। ਪਰ ਉਸ ਤੋਂ ਪਹਿਲਾਂ ਹੀ ਦਾਦੀ ਦੀ ਆਵਾਜ਼ ਆਈ—ਜਿਸ ਵਿੱਚ ਸਿਰਫ਼ ਅੜਬਪੁਣਾ ਹੀ ਨਹੀਂ, ਸਗੋਂ ਆਪਣੇ ਜ਼ਮਾਨੇ ਦਾ ਉਹ ਸਮਾਜਿਕ ਡਰ ਵੀ ਸੀ ਜੋ ਔਰਤਾਂ ਨੂੰ ਹੀ ਪੀੜ੍ਹੀ-ਦਰ-ਪੀੜ੍ਹੀ ਕਮਜ਼ੋਰ ਬਣਾਉਂਦਾ ਆਇਆ ਸੀ।

“ਮੁੰਡੇ ਦੇ ਤਾਂ ਡੀ.ਏ.ਵੀ. ਵਿੱਚ ਵੀ ਨੰਬਰ ਨਹੀਂ ਆਏ... ਉਹਦਾ ਮਨ ਡਿੱਗ ਜਾਵੇਗਾ। ਕੁੜੀ ਨੂੰ ਇੰਨੇ ਵੱਡੇ ਸਕੂਲ ਭੇਜ ਕੇ ਸ਼ਰੀਕੇ 'ਚ ਕੀ ਵਿਖਾਉਣਾ? ਲੋਕ ਆਖਣਗੇ ਮੁੰਡਾ ਪਿੱਛੇ ਰਹਿ ਗਿਆ ਤੇ ਕੁੜੀ ਅੱਗੇ।”

ਉਹ ਹੱਥ ਵਿੱਚ ਫੜੀ ਅੰਕ-ਪੱਤਰੀ ਨੂੰ ਘੁੱਟਦੀ ਹੋਈ ਕੰਬਦੀ ਆਵਾਜ਼ ਵਿੱਚ ਬੋਲੀ, “ਪਰ ਦਾਦੀ, ਮੈਂ ਮਿਹਨਤ ਕੀਤੀ ਐ...”

“ਕੁੜੀਆਂ ਦੀ ਉਡਾਰੀ ਜਿੰਨੀ ਉੱਚੀ ਹੋਵੇ, ਸਮਾਜ ਦੇ ਤੀਰ ਓਨੇ ਹੀ ਵੱਧ ਵੱਜਦੇ ਨੇ,” ਦਾਦੀ ਨੇ ਜਿਵੇਂ ਆਪਣੇ ਪੁਰਾਣੇ ਤਜਰਬੇ ਦਾ ਦੁੱਖ ਸੁਣਾ ਦਿੱਤਾ ਸੀ।

ਉਸ ਨੇ ਆਸ ਭਰੀਆਂ

ਪੰਜਾਬ ਸਟਾਰ
www.punjabstar.com

ਰੋਣ ਲਈ ਥਾਂ...

ਪਿੰਡ ਦੇ ਸਰਕਾਰੀ ਸਕੂਲ ਵਿੱਚ ਪੰਜਵੀਂ ਜਮਾਤ ਦੀ ਇੱਕ ਕੁੜੀ ਪੜ੍ਹਦੀ ਸੀ, ਸਿਮਰਨ। ਉਮਰ ਮਸਾਂ ਗਿਆਰਾਂ ਸਾਲ। ਪੂਰੇ ਸਕੂਲ ਵਿੱਚ ਉਸ ਦੀ ਇੱਕੋ ਪਛਾਣ ਸੀ, ਉਸ ਦਾ ਹਾਸਾ।

ਉਹ ਹੱਸਦੀ ਤਾਂ ਲੱਗਦਾ ਜਿਵੇਂ ਸਵੇਰ ਦੀ ਧੁੱਪ ਜਮਾਤ ਵਿੱਚ ਉਤਰ ਆਈ ਹੋਵੇ। ਕਦੇ ਕਿਸੇ ਦੀ ਨਕਲ ਲਾਹ ਕੇ ਸਾਰੀ ਜਮਾਤ ਨੂੰ ਹਸਾ ਦਿੰਦੀ, ਕਦੇ ਮਾਸਟਰ ਜੀ ਦੀ ਮੁੱਛਾਂ ਵਾਲੀ ਚਾਲ ਦੀ ਨਕਲ ਕਰ ਦਿੰਦੀ। ਮੈਡਮ ਹਰਜੀਤ ਕੌਰ ਅਕਸਰ ਕਹਿੰਦੀ,

"ਸਿਮਰਨ, ਤੂੰ ਸਾਡੀ ਜਮਾਤ ਦੀ ਰੌਣਕ ਏਂ। ਤੇਰੇ ਬਿਨਾਂ ਇਹ ਕਮਰਾ ਸੁੰਨਾ ਲੱਗਦਾ ਹੈ।"

ਸਿਮਰਨ ਅੱਗੋਂ ਹੱਸ ਪੈਂਦੀ। ਪਰ ਉਸ ਹਾਸੇ ਦੇ ਪਿੱਛੇ ਕੀ ਲੁਕਿਆ ਸੀ, ਇਹ ਨਾ ਕਿਸੇ ਨੇ ਪੁੱਛਿਆ, ਨਾ ਕਿਸੇ ਨੇ ਦੇਖਿਆ।

ਸਿਮਰਨ ਦਾ ਘਰ ਪਿੰਡ ਦੇ ਆਖ਼ਰੀ ਮੋੜ ਉੱਤੇ ਸੀ। ਕੱਚੀ ਕੰਧ, ਟੀਨ ਦੀ ਛੱਤ ਅਤੇ ਵਿਹੜੇ ਵਿੱਚ ਇੱਕ ਪੁਰਾਣੀ ਨਿੰਮ। ਉਸ ਦੇ ਪਾਪਾ, ਬਲਬੀਰ ਸਿੰਘ, ਟਰੱਕ ਚਲਾਉਂਦੇ ਸਨ। ਇੱਕ ਸਾਲ ਪਹਿਲਾਂ ਹਾਈਵੇ ਉੱਤੇ ਹਾਦਸਾ ਹੋਇਆ। ਜਾਨ ਤਾਂ ਬਚ ਗਈ, ਪਰ ਰੀੜ੍ਹ ਦੀ ਹੱਡੀ ਵਿੱਚ ਅਜਿਹੀ ਸੱਟ ਲੱਗੀ ਕਿ ਉਹ ਮੰਜੇ ਨਾਲ ਹੀ ਲੱਗ ਗਏ। ਜਿਹੜੇ ਹੱਥ ਕਦੇ ਸਟੇਅਰਿੰਗ ਘੁਮਾਉਂਦੇ ਸਨ, ਹੁਣ ਪਾਣੀ ਦਾ ਗਲਾਸ ਚੁੱਕਣ ਲਈ ਵੀ ਕਿਸੇ ਦਾ ਆਸਰਾ ਭਾਲਦੇ ਸਨ।

ਮਾਂ, ਸੁਖਵਿੰਦਰ, ਸਵੇਰੇ ਚਾਰ ਵਜੇ ਉੱਠ ਕੇ ਪਿੰਡ ਦੇ ਸਰਦਾਰਾਂ ਦੇ ਖੇਤਾਂ ਵਿੱਚ ਕੰਮ ਕਰਨ ਜਾਂਦੀ ਅਤੇ ਸ਼ਾਮ ਨੂੰ ਥੱਕੀ-ਟੁੱਟੀ ਮੁੜਦੀ। ਘਰ ਦੀ ਕਮਾਈ ਇੰਨੀ ਘਟ ਗਈ ਸੀ ਕਿ ਕਈ ਵਾਰ ਰਾਤ ਨੂੰ ਇੱਕ ਹੀ ਰੋਟੀ ਤਿੰਨ ਜਣਿਆਂ ਵਿੱਚ ਵੰਡੀ ਜਾਂਦੀ।

ਸਿਮਰਨ ਸਭ ਕੁਝ ਦੇਖਦੀ ਸੀ। ਬੱਚੇ ਸਮਝਦੇ ਸਭ ਕੁਝ ਹਨ, ਬੱਸ ਬੋਲਦੇ ਨਹੀਂ।

ਸਵੇਰੇ ਮਾਂ ਕਹਿੰਦੀ, "ਪੁੱਤ, ਤੂੰ ਰੋਟੀ ਖਾ ਲੈ, ਮੈਨੂੰ ਭੁੱਖ ਨਹੀਂ।" ਸਿਮਰਨ ਜਾਣਦੀ ਸੀ ਕਿ ਮਾਂ ਝੂਠ ਬੋਲ ਰਹੀ ਹੈ। ਉਹ ਵੀ ਮੁਸਕੁਰਾ ਕੇ ਕਹਿੰਦੀ, "ਮੇਰਾ ਵੀ ਢਿੱਡ ਭਰਿਆ ਹੈ ਮਾਂ, ਮੈਂ ਰਾਤ ਨੂੰ ਬਹੁਤ ਖਾ ਲਿਆ ਸੀ।"

ਇਸ ਘਰ ਵਿੱਚ ਹਰ ਕੋਈ ਇੱਕ-ਦੂਜੇ ਤੋਂ ਆਪਣਾ ਦੁੱਖ ਲੁਕਾ ਰਿਹਾ ਸੀ, ਅਤੇ ਹਰ ਕੋਈ ਇਹ ਸਮਝਦਾ ਸੀ ਕਿ ਦੂਜੇ ਨੂੰ ਪਤਾ ਨਹੀਂ।

ਸਿਮਰਨ ਦਾ ਦਿਨ ਸਕੂਲ ਤੋਂ ਨਹੀਂ, ਸਵੇਰੇ ਪੰਜ ਵਜੇ ਸ਼ੁਰੂ ਹੁੰਦਾ ਸੀ।

ਉਹ ਉੱਠ ਕੇ ਪਾਪਾ ਦਾ ਮੂੰਹ-ਹੱਥ ਧੋਂਦੀ, ਉਨ੍ਹਾਂ ਨੂੰ ਪਾਸਾ ਬਦਲਵਾਉਂਦੀ ਤਾਂ ਜੋ ਪਿੱਠ ਉੱਤੇ ਜ਼ਖ਼ਮ ਨਾ ਪੈਣ, ਫਿਰ ਚਾਹ ਬਣਾ ਕੇ ਦਿੰਦੀ। ਫਿਰ ਵਿਹੜਾ ਸੰਭਾਲਦੀ, ਭਾਂਡੇ ਮਾਂਜਦੀ, ਅਤੇ ਤਦ ਕਿਤੇ ਜਾ ਕੇ ਸਕੂਲ ਦੀ ਵਰਦੀ ਪਾਉਂਦੀ।

ਸਕੂਲੋਂ ਮੁੜ ਕੇ ਉਹ ਦੁਪਹਿਰ ਨੂੰ ਗੁਆਂਢ ਦੀ ਤਾਈ ਦੇ ਘਰ ਜਾਂਦੀ ਅਤੇ ਉਸ ਦੇ ਮਟਰ ਛਿੱਲਦੀ, ਦਾਲ ਚੁਗਦੀ। ਬਦਲੇ ਵਿੱਚ ਤਾਈ ਕਦੇ ਦੋ ਰੋਟੀਆਂ ਦੇ ਦਿੰਦੀ, ਕਦੇ ਥੋੜ੍ਹੀ ਸਬਜ਼ੀ। ਸਿਮਰਨ ਉਹ ਰੋਟੀਆਂ ਚੁੰਨੀ ਵਿੱਚ ਲਪੇਟ ਕੇ ਘਰ ਲਿਆਉਂਦੀ ਅਤੇ ਕਹਿੰਦੀ, "ਪਾਪਾ, ਅੱਜ ਤਾਈ ਨੇ ਜ਼ਬਰਦਸਤੀ ਦਿੱਤੀਆਂ, ਕਹਿੰਦੀ ਸੀ ਸਿਮਰਨ ਦੇ ਹੱਥ ਦਾ ਕੰਮ ਬਹੁਤ ਸੋਹਣਾ ਹੈ।"

ਬਲਬੀਰ ਸਿੰਘ ਚੁੱਪ ਕਰ ਜਾਂਦੇ। ਉਨ੍ਹਾਂ ਦੀਆਂ ਅੱਖਾਂ ਛੱਤ ਵੱਲ ਟਿਕ ਜਾਂਦੀਆਂ। ਇੱਕ ਪਿਤਾ ਲਈ ਇਸ ਤੋਂ ਵੱਡੀ ਸਜ਼ਾ ਕੀ ਹੋ ਸਕਦੀ ਹੈ ਕਿ ਉਸ ਦੀ ਧੀ ਉਸ ਲਈ ਰੋਟੀ ਕਮਾ ਕੇ ਲਿਆਵੇ।

ਸਕੂਲ ਵਿੱਚ ਸਿਮਰਨ ਦਾ ਟਿਫ਼ਨ ਹਮੇਸ਼ਾ ਖ਼ਾਲੀ ਹੁੰਦਾ ਸੀ। ਜਦੋਂ ਬਾਕੀ ਬੱਚੇ ਰੋਟੀ ਖਾਂਦੇ, ਉਹ ਕਹਿੰਦੀ, "ਮੈਂ ਤਾਂ ਸਵੇਰੇ ਹੀ ਖਾ ਕੇ ਆਈ ਹਾਂ," ਤੇ ਫਿਰ ਕੋਈ ਚੁਟਕਲਾ ਸੁਣਾ ਕੇ ਸਭ ਦਾ ਧਿਆਨ ਹੋਰ ਪਾਸੇ ਲਾ ਦਿੰਦੀ।

ਉਸ ਦਾ ਹਾਸਾ ਇੱਕ ਪਰਦਾ ਬਣ ਗਿਆ ਸੀ, ਜਿਸ ਪਿੱਛੇ ਉਸ ਦੀ ਭੁੱਖ, ਉਸ ਦੀ ਥਕਾਵਟ ਅਤੇ ਉਸ ਦਾ ਡਰ ਲੁਕੇ ਹੋਏ ਸਨ।

ਇੱਕ ਰਾਤ ਸਿਮਰਨ ਦੀ ਅੱਖ ਖੁੱਲ੍ਹੀ। ਕੁਝ ਆਵਾਜ਼ਾਂ ਆ ਰਹੀ ਸੀ, ਬਹੁਤ ਹੌਲੀ, ਦਬੀ ਹੋਈ।

ਉਸ ਨੇ ਪਰਦੇ ਦੇ ਪਿੱਛੇ ਦੇਖਿਆ। ਮਾਂ ਪਾਪਾ ਦੇ ਮੰਜੇ ਕੋਲ ਬੈਠੀ ਸੀ ਅਤੇ ਦੋਵੇਂ ਹੌਲੀ-ਹੌਲੀ ਗੱਲਾਂ ਕਰ ਰਹੇ ਸਨ।

"ਮੈਂ ਤੁਹਾਡੇ ਸਿਰ ਦਾ ਬੋਝ ਬਣ ਗਿਆ ਹਾਂ ਸੁੱਖੀ," ਪਾਪਾ ਦੀ ਆਵਾਜ਼ ਭਰੜਾਈ ਹੋਈ ਸੀ। "ਮੇਰੀ ਧੀ ਦਾ ਬਚਪਨ ਮੇਰੀ ਬਿਮਾਰੀ ਖਾ ਗਈ। ਉਹ ਹੁਣ ਖੇਡਦੀ ਨਹੀਂ, ਬੱਸ ਕੰਮ ਕਰਦੀ ਹੈ।"

ਮਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਰਹੇ ਸਨ। "ਐਸੀਆਂ ਗੱਲਾਂ ਨਾ ਕਰੋ। ਵਾਹਿਗੁਰੂ ਸਭ ਠੀਕ ਕਰੇਗਾ। ਸਿਮਰਨ ਨੂੰ ਕੁਝ ਪਤਾ ਨਹੀਂ, ਉਹ ਤਾਂ ਅਜੇ ਬੱਚੀ ਹੈ। ਉਹ ਤਾਂ ਹੱਸਦੀ ਰਹਿੰਦੀ ਹੈ।"

ਪਰਦੇ ਪਿੱਛੇ ਖੜ੍ਹੀ ਸਿਮਰਨ ਨੇ ਆਪਣੇ ਮੂੰਹ ਉੱਤੇ ਹੱਥ ਰੱਖ ਲਿਆ ਤਾਂ ਜੋ ਸਿਸਕੀ ਬਾਹਰ ਨਾ ਨਿਕਲ ਜਾਵੇ। ਉਹ ਚੁੱਪਚਾਪ ਆਪਣੇ ਬਿਸਤਰ ਉੱਤੇ ਮੁੜ ਆਈ ਅਤੇ ਰਜਾਈ ਵਿੱਚ ਮੂੰਹ ਲੁਕਾ ਕੇ ਬਹੁਤ ਦੇਰ ਰੋਂਦੀ ਰਹੀ।



ਉਸ ਰਾਤ ਉਸ ਨੇ ਇੱਕ ਫ਼ੈਸਲਾ ਕੀਤਾ। ਇਹ ਫ਼ੈਸਲਾ ਇੱਕ ਗਿਆਰਾਂ ਸਾਲ ਦੀ ਬੱਚੀ ਨੂੰ ਕਦੇ ਨਹੀਂ ਕਰਨਾ ਚਾਹੀਦਾ ਸੀ।

"ਮੈਂ ਕਦੇ ਕਿਸੇ ਨੂੰ ਆਪਣਾ ਦੁੱਖ ਨਹੀਂ ਦੱਸਾਂਗੀ। ਜੇ ਮੈਂ ਹੱਸਦੀ ਰਹੀ, ਤਾਂ ਮਾਂ-ਪਾਪਾ ਨੂੰ ਲੱਗੇਗਾ ਕਿ ਸਭ ਠੀਕ ਹੈ, ਤੇ ਉਨ੍ਹਾਂ ਦਾ ਦਰਦ ਥੋੜ੍ਹਾ ਘਟ ਜਾਵੇਗਾ।"

ਅਗਲੇ ਦਿਨ ਸਕੂਲ ਵਿੱਚ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਹੱਸ ਰਹੀ ਸੀ।

ਮੈਡਮ ਹਰਜੀਤ ਕੌਰ ਪੱਚੀ ਸਾਲਾਂ ਤੋਂ ਪੜ੍ਹਾ ਰਹੀ ਸੀ। ਉਸ ਦੀ ਇੱਕ ਆਦਤ ਸੀ ਕਿ ਉਹ ਬੱਚਿਆਂ ਦੇ ਚਿਹਰੇ ਦੇ ਨਾਲ-ਨਾਲ ਉਨ੍ਹਾਂ ਦੀਆਂ ਅੱਖਾਂ ਵੀ ਪੜ੍ਹਦੀ ਸੀ।

ਉਸ ਨੇ ਕੁਝ ਗੱਲਾਂ ਨੋਟ ਕੀਤੀਆਂ। ਸਿਮਰਨ ਦਾ ਟਿਫ਼ਨ ਕਦੇ ਨਹੀਂ ਖੁੱਲ੍ਹਦਾ। ਉਸ ਦੀ ਵਰਦੀ ਸਾਫ਼ ਹੈ ਪਰ ਬਹੁਤ ਥਾਵਾਂ ਤੋਂ ਸੀਤੀ ਹੋਈ। ਉਹ ਛੁੱਟੀ ਦੀ ਘੰਟੀ ਵੱਜਦਿਆਂ ਹੀ ਭੱਜ ਪੈਂਦੀ ਹੈ, ਜਿਵੇਂ ਕੋਈ ਉਸ ਦੀ ਉਡੀਕ ਕਰ ਰਿਹਾ ਹੋਵੇ। ਅਤੇ ਸਭ ਤੋਂ ਅਜੀਬ ਗੱਲ, ਜਿਹੜੀ ਕੁੜੀ ਸਾਰਿਆਂ ਨੂੰ ਹਸਾਉਂਦੀ ਹੈ, ਉਹ ਇਕੱਲੀ ਬੈਠੀ ਹੋਵੇ ਤਾਂ ਉਸ ਦਾ ਚਿਹਰਾ ਇੱਕਦਮ ਬੁੱਢਾ ਲੱਗਣ ਲੱਗ ਪੈਂਦਾ ਹੈ।

ਇੱਕ ਦਿਨ ਮੈਡਮ ਨੇ ਸਾਰੀ ਜਮਾਤ ਨੂੰ ਇੱਕ ਲੇਖ ਲਿਖਣ ਲਈ ਕਿਹਾ। ਵਿਸ਼ਾ ਸੀ,

"ਮੇਰੀ ਸਭ ਤੋਂ ਵੱਡੀ ਇੱਛਾ।"

ਕਿਸੇ ਨੇ ਲਿਖਿਆ ਕਿ ਉਹ ਪਾਇਲਟ ਬਣ ਕੇ ਅਸਮਾਨ ਵਿੱਚ ਉੱਡੇਗਾ। ਕਿਸੇ ਨੇ ਲਿਖਿਆ ਕਿ ਉਹ ਕ੍ਰਿਕਟਰ ਬਣੇਗਾ। ਕਿਸੇ ਨੇ ਸਾਈਕਲ, ਕਿਸੇ ਨੇ ਮੋਬਾਈਲ ਮੰਗਿਆ।

ਮੈਡਮ ਨੇ ਸਿਮਰਨ ਦੀ ਕਾਪੀ ਸਭ ਤੋਂ ਅਖ਼ੀਰ ਵਿੱਚ ਖੋਲ੍ਹੀ।

ਕਾਪੀ ਵਿੱਚ ਸਿਮਰਨ ਨੇ ਆਪਣੀ ਸੋਹਣੀ ਲਿਖਾਈ ਵਿੱਚ ਲਿਖਿਆ ਸੀ,

"ਮੇਰੀ ਸਭ ਤੋਂ ਵੱਡੀ ਇੱਛਾ ਹੈ ਕਿ ਮੈਂ ਇੱਕ ਦਿਨ ਸਿਰਫ਼ ਬੱਚੀ ਬਣ ਕੇ ਜੀਵਾਂ।

ਇੱਕ ਦਿਨ ਸਵੇਰੇ ਉੱਠਾਂ ਤਾਂ ਮੈਨੂੰ ਪਾਪਾ ਦਾ ਪਾਸਾ ਨਾ ਬਦਲਾਉਣਾ ਪਵੇ। ਇੱਕ ਦਿਨ ਮਾਂ ਮੈਨੂੰ ਆਪਣੇ ਹੱਥਾਂ ਨਾਲ ਰੋਟੀ ਖਵਾਏ, ਅਤੇ ਮੈਂ ਇਹ ਨਾ ਗਿਣਾਂ ਕਿ ਅੱਜ ਘਰ ਵਿੱਚ ਕਿੰਨੀਆਂ ਰੋਟੀਆਂ ਹਨ।

ਮੈਂ ਇੱਕ ਦਿਨ ਸਕੂਲ ਵਿੱਚ ਇਸ ਲਈ ਨਹੀਂ ਹੱਸਣਾ ਚਾਹੁੰਦੀ ਕਿ ਮੈਨੂੰ ਕੁਝ ਲੁਕਾਉਣਾ ਹੈ। ਮੈਂ ਇਸ ਲਈ ਹੱਸਣਾ ਚਾਹੁੰਦੀ ਹਾਂ ਕਿ ਮੈਨੂੰ ਸੱਚਮੁੱਚ ਹਾਸਾ ਆਇਆ ਹੈ।

ਮੈਡਮ, ਮੈਂ ਸਭ ਨੂੰ ਹਸਾਉਂਦੀ ਹਾਂ। ਪਰ ਕਦੇ ਕਿਸੇ ਨੇ ਮੈਨੂੰ ਇਹ ਨਹੀਂ ਪੁੱਛਿਆ ਕਿ ਮੈਂ ਰੋਣਾ ਕਿੱਥੇ ਹਾਂ।"

ਮੈਡਮ ਹਰਜੀਤ ਕੌਰ ਦੇ ਹੱਥ ਕੰਬਣ ਲੱਗ ਪਏ। ਉਸ ਨੇ ਕਾਪੀ ਬੰਦ ਕੀਤੀ ਅਤੇ ਕਈ ਮਿੰਟ ਜਮਾਤ ਦੀ ਖਿੜਕੀ ਵੱਲ ਦੇਖਦੀ ਰਹੀ। ਪੱਚੀ ਸਾਲਾਂ ਦੇ ਤਜਰਬੇ ਵਿੱਚ ਉਸ ਨੇ ਅਜਿਹੀ ਚੀਸ ਪਹਿਲਾਂ ਕਦੇ ਨਹੀਂ ਮਹਿਸੂਸ ਕੀਤੀ ਸੀ। ਉਸ ਨੂੰ ਆਪਣੇ ਆਪ ਉੱਤੇ ਸ਼ਰਮ ਆਈ। ਇਸ ਬੱਚੀ ਨੇ ਮਹੀਨਿਆਂ ਤੋਂ ਹਰ ਰੋਜ਼ ਉਸ ਦੇ ਸਾਹਮਣੇ ਹੱਸ ਕੇ ਮਦਦ ਮੰਗੀ ਸੀ, ਤੇ ਉਹ ਸਮਝ ਹੀ ਨਾ ਸਕੀ।

ਉਸ ਸ਼ਾਮ ਮੈਡਮ ਹਰਜੀਤ ਕੌਰ ਬਿਨਾਂ ਦੱਸੇ ਸਿਮਰਨ ਦੇ ਘਰ ਪਹੁੰਚ ਗਈ।

ਵਿਹੜੇ ਦੀ ਨਿੰਮ ਥੱਲੇ ਸਿਮਰਨ ਆਪਣੇ ਪਾਪਾ ਦੇ ਪੈਰਾਂ ਦੀ ਮਾਲਸ਼ ਕਰ ਰਹੀ ਸੀ ਅਤੇ ਨਾਲ-ਨਾਲ ਕੋਈ ਚੁਟਕਲਾ ਸੁਣਾ ਕੇ ਉਨ੍ਹਾਂ ਨੂੰ ਹਸਾ ਰਹੀ ਸੀ। ਮੈਡਮ ਨੂੰ ਦੇਖਦਿਆਂ ਹੀ ਉਹ ਘਬਰਾ ਕੇ ਉੱਠ ਖੜ੍ਹੀ ਹੋਈ।

"ਮੈਡਮ ਜੀ, ਤੁਸੀਂ? ਮੈਂ ਤਾਂ ਹੋਮਵਰਕ ਪੂਰਾ ਕਰ ਲਿਆ ਸੀ..."

ਮੈਡਮ ਨੇ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ।

"ਪੁੱਤ, ਮੈਂ ਹੋਮਵਰਕ ਲਈ ਨਹੀਂ ਆਈ। ਮੈਂ ਤੈਨੂੰ ਪੁੱਛਣ ਆਈ ਹਾਂ ਕਿ ਤੂੰ ਰੋਂਦੀ ਕਿੱਥੇ ਏਂ?"

ਇਹ ਸੁਣਦਿਆਂ ਹੀ ਸਿਮਰਨ ਦੇ ਅੰਦਰ ਮਹੀਨਿਆਂ ਤੋਂ ਬੰਨ੍ਹਿਆ ਬੰਨ੍ਹ ਟੁੱਟ ਗਿਆ। ਉਹ ਮੈਡਮ ਦਾ ਹੱਥ ਫੜ ਕੇ ਇੰਨਾ ਰੋਈ ਕਿ ਉਸ ਦਾ ਸਾਰਾ ਸਰੀਰ ਕੰਬਣ ਲੱਗ ਪਿਆ।

ਮੰਜੇ ਉੱਤੇ ਪਏ ਬਲਬੀਰ ਸਿੰਘ ਇਹ ਸਭ ਦੇਖ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਚੁੱਪਚਾਪ ਹੰਝੂ ਵਹਿ ਤੁਰੇ। ਉਨ੍ਹਾਂ ਨੂੰ ਪਹਿਲੀ ਵਾਰ ਸਮਝ ਆਇਆ ਕਿ ਜਿਸ ਬੋਝ ਤੋਂ ਉਹ ਆਪਣੀ ਧੀ ਨੂੰ ਬਚਾਉਣਾ ਚਾਹੁੰਦੇ ਸਨ, ਉਹੀ ਬੋਝ ਉਸ ਨੇ ਚੁੱਪਚਾਪ ਆਪਣੇ ਮੋਢਿਆਂ ਉੱਤੇ ਚੁੱਕ ਲਿਆ ਸੀ।

ਉਨ੍ਹਾਂ ਨੇ ਕੰਬਦੀ ਆਵਾਜ਼ ਵਿੱਚ ਕਿਹਾ, "ਸਿਮਰੋ, ਇੱਧਰ ਆ ਮੇਰੇ ਕੋਲ।"

ਸਿਮਰਨ ਭੱਜ ਕੇ ਗਈ। ਪਾਪਾ ਨੇ ਆਪਣੀ ਕਮਜ਼ੋਰ ਬਾਂਹ ਨਾਲ ਉਸ ਨੂੰ ਕੱਸ ਕੇ ਫੜ ਲਿਆ।

"ਮੈਨੂੰ ਮਾਫ਼ ਕਰ ਦੇ ਧੀਏ। ਮੈਂ ਸੋਚਦਾ ਸਾਂ ਕਿ ਤੈਨੂੰ ਕੁਝ ਪਤਾ ਨਹੀਂ। ਮੈਂ ਤੇਰਾ ਪਿਓ ਹਾਂ, ਸਹਾਰਾ ਮੈਨੂੰ ਬਣਨਾ ਚਾਹੀਦਾ ਸੀ, ਤੇ ਤੂੰ ਮੇਰਾ ਸਹਾਰਾ ਬਣ ਗਈ। ਤੈਨੂੰ ਇੰਨੀ ਛੋਟੀ ਉਮਰ ਵਿੱਚ ਇੰਨਾ ਵੱਡਾ ਬਣਨਾ ਪਿਆ, ਇਹ ਮੇਰੀ ਹਾਰ ਹੈ।"

ਸਿਮਰਨ ਨੇ ਰੋਂਦਿਆਂ ਕਿਹਾ, "ਨਹੀਂ ਪਾਪਾ, ਤੁਸੀਂ ਹਾਰੇ ਨਹੀਂ। ਮੈਨੂੰ ਬੱਸ ਡਰ ਲੱਗਦਾ ਸੀ ਕਿ ਜੇ ਮੈਂ ਰੋਈ ਤਾਂ ਤੁਸੀਂ ਹੋਰ ਟੁੱਟ ਜਾਓਗੇ।"

ਇੰਨੇ ਨੂੰ ਖੇਤੋਂ ਮੁੜੀ ਮਾਂ ਵੀ ਵਿਹੜੇ ਵਿੱਚ ਆ ਗਈ। ਉਸ ਨੇ ਦੋਵਾਂ ਨੂੰ ਇਸ ਹਾਲ ਵਿੱਚ ਦੇਖਿਆ ਤਾਂ ਉਸ ਦੇ ਹੱਥੋਂ ਦਾਤੀ ਡਿੱਗ ਪਈ। ਉਹ ਵੀ ਭੱਜ ਕੇ ਆਈ ਅਤੇ ਤਿੰਨੇ ਜਣੇ ਇੱਕ-ਦੂਜੇ ਨੂੰ ਗਲੇ ਲਾ ਕੇ ਰੋ ਪਏ।

ਉਸ ਸ਼ਾਮ ਉਸ ਘਰ ਵਿੱਚ ਕਈ ਮਹੀਨਿਆਂ ਬਾਅਦ ਪਹਿਲੀ ਵਾਰ ਸੱਚ ਬੋਲਿਆ ਗਿਆ। ਅਤੇ ਹੈਰਾਨੀ ਦੀ ਗੱਲ ਇਹ ਸੀ ਕਿ ਰੋਣ ਤੋਂ ਬਾਅਦ ਘਰ ਦਾ ਬੋਝ ਹਲਕਾ ਲੱਗਣ ਲੱਗ ਪਿਆ ਸੀ। ਦੁੱਖ ਵੰਡਣ ਨਾਲ ਘਟਦਾ ਹੈ, ਲੁਕਾਉਣ ਨਾਲ ਹੋਰ ਭਾਰਾ ਹੋ ਜਾਂਦਾ ਹੈ।

ਮੈਡਮ ਹਰਜੀਤ ਕੌਰ ਉਸ ਰਾਤ ਆਪਣੇ ਘਰ ਗਈ ਤਾਂ ਉਹ ਚੈਨ ਨਾਲ ਨਹੀਂ ਸੌਂ ਸਕੀ। ਉਸ ਨੇ ਫ਼ੈਸਲਾ ਕਰ ਲਿਆ ਸੀ ਕਿ ਹੁਣ ਇਹ ਪਰਿਵਾਰ ਇਕੱਲਾ ਨਹੀਂ ਰਹੇਗਾ।

ਅਗਲੇ ਦਿਨ ਮੈਡਮ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪਿੰਡ ਦੇ ਕੁਝ ਸਿਆਣੇ ਬੰਦਿਆਂ ਨੂੰ ਇਕੱਠਾ ਕੀਤਾ। ਉਸ ਨੇ ਸਿਮਰਨ ਦੀ ਕਾਪੀ ਦਾ ਉਹ ਪੰਨਾ ਪੜ੍ਹ ਕੇ ਸੁਣਾਇਆ।

ਸਾਰੇ ਚੁੱਪ ਹੋ ਗਏ। ਸਰਪੰਚ ਨੇ ਆਪਣੀ ਪੱਗ ਦੇ ਲੜ ਨਾਲ ਅੱਖਾਂ ਪੂੰਝੀਆਂ। ਉਸ ਨੇ ਕਿਹਾ, "ਸਾਡੇ ਪਿੰਡ ਵਿੱਚ ਇੱਕ ਪਰਿਵਾਰ ਭੁੱਖਾ ਸੌਂਦਾ ਰਿਹਾ ਅਤੇ ਸਾਨੂੰ ਪਤਾ ਹੀ ਨਹੀਂ ਲੱਗਿਆ। ਸ਼ਰਮ ਦੀ ਗੱਲ ਹੈ।"

ਪਿੰਡ ਦੇ ਲੋਕਾਂ ਨੇ ਮਿਲ ਕੇ ਫ਼ੈਸਲਾ ਕੀਤਾ। ਗੁਰਦੁਆਰੇ ਦੀ ਕਮੇਟੀ ਨੇ ਬਲਬੀਰ ਸਿੰਘ ਦੇ ਇਲਾਜ ਦੀ ਜ਼ਿੰਮੇਵਾਰੀ ਲਈ। ਕੁਝ ਨੌਜਵਾਨ ਉਨ੍ਹਾਂ ਨੂੰ ਸ਼ਹਿਰ ਦੇ ਹਸਪਤਾਲ ਲੈ ਗਏ ਜਿੱਥੇ ਡਾਕਟਰਾਂ ਨੇ ਦੱਸਿਆ ਕਿ ਸਹੀ ਇਲਾਜ ਅਤੇ ਕਸਰਤ ਨਾਲ ਹਾਲਤ ਵਿੱਚ ਸੁਧਾਰ ਹੋ ਸਕਦਾ ਹੈ। ਸਕੂਲ ਨੇ ਸਿਮਰਨ ਦੀ ਫ਼ੀਸ ਅਤੇ ਕਿਤਾਬਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਅਤੇ ਸੁਖਵਿੰਦਰ ਨੂੰ ਸਕੂਲ ਦੀ ਰਸੋਈ ਵਿੱਚ ਮਿਡ-ਡੇ-ਮੀਲ ਬਣਾਉਣ ਦਾ ਕੰਮ ਮਿਲ ਗਿਆ, ਜਿੱਥੇ ਉਹ ਆਪਣੀ ਧੀ ਦੀਆਂ ਨਜ਼ਰਾਂ ਦੇ ਸਾਹਮਣੇ ਰਹਿ ਸਕਦੀ ਸੀ।

ਸਭ ਤੋਂ ਸੋਹਣੀ ਗੱਲ ਇਹ ਹੋਈ ਕਿ ਹੁਣ ਮੈਡਮ ਹਰਜੀਤ ਕੌਰ ਹਰ ਸ਼ੁੱਕਰਵਾਰ ਜਮਾਤ ਵਿੱਚ ਇੱਕ ਨਵੀਂ ਰੀਤ ਚਲਾਉਣ ਲੱਗੀ। ਉਹ ਆਖ਼ਰੀ ਪੀਰੀਅਡ ਵਿੱਚ ਪੜ੍ਹਾਉਂਦੀ ਨਹੀਂ ਸੀ। ਉਹ ਬੱਚਿਆਂ ਨੂੰ ਗੋਲ ਘੇਰੇ ਵਿੱਚ ਬਿਠਾ ਕੇ ਪੁੱਛਦੀ,

"ਇਸ ਹਫ਼ਤੇ ਤੁਹਾਡਾ ਦਿਲ ਸਭ ਤੋਂ ਭਾਰਾ ਕਦੋਂ ਹੋਇਆ ਸੀ?"

ਪਹਿਲਾਂ ਸਾਰੇ ਝਿਜਕੇ। ਫਿਰ ਇੱਕ ਬੱਚੇ ਨੇ ਦੱਸਿਆ ਕਿ ਉਸ ਨੂੰ ਡਰ ਲੱਗਦਾ ਹੈ ਜਦੋਂ ਘਰ ਵਿੱਚ ਲੜਾਈ ਹੁੰਦੀ ਹੈ। ਇੱਕ ਹੋਰ ਨੇ ਦੱਸਿਆ ਕਿ ਉਸ ਦੇ ਦਾਦਾ ਜੀ ਹਸਪਤਾਲ ਵਿੱਚ ਹਨ। ਕਿਸੇ ਨੇ ਦੱਸਿਆ ਕਿ ਉਸ ਨੂੰ ਪੜ੍ਹਾਈ ਵਿੱਚ ਪਿੱਛੇ ਰਹਿ ਜਾਣ ਦਾ ਡਰ ਹੈ। ਉਸ ਜਮਾਤ ਵਿੱਚ ਪਹਿਲੀ ਵਾਰ ਬੱਚਿਆਂ ਨੂੰ ਇਹ ਮਹਿਸੂਸ ਹੋਇਆ ਕਿ ਰੋਣਾ ਕੋਈ ਕਮਜ਼ੋਰੀ ਨਹੀਂ ਹੁੰਦਾ।

ਸਮਾਂ ਬੀਤਿਆ। ਬਲਬੀਰ ਸਿੰਘ ਪੂਰੀ ਤਰ੍ਹਾਂ ਤਾਂ ਠੀਕ ਨਾ ਹੋ ਸਕੇ, ਪਰ ਹੁਣ ਉਹ ਸੋਟੀ ਦੇ ਸਹਾਰੇ ਤੁਰ ਲੈਂਦੇ ਸਨ ਅਤੇ ਪਿੰਡ ਦੀ ਹੱਟੀ ਉੱਤੇ ਬੈਠ ਕੇ ਹਿਸਾਬ-ਕਿਤਾਬ ਸੰਭਾਲ ਲੈਂਦੇ ਸਨ। ਉਨ੍ਹਾਂ ਦੇ ਚਿਹਰੇ ਉੱਤੇ ਹੁਣ ਉਹ ਸ਼ਰਮ ਨਹੀਂ ਸੀ, ਉਹ ਸ਼ੁਕਰਾਨਾ ਸੀ।

ਸਿਮਰਨ ਹੁਣ ਵੱਡੀ ਹੋ ਗਈ ਸੀ। ਉਸ ਨੇ ਪੜ੍ਹਾਈ ਵਿੱਚ ਸਕੂਲ ਵਿੱਚ ਪਹਿਲਾ ਸਥਾਨ ਲਿਆ। ਉਸ ਦਾ ਹਾਸਾ ਅਜੇ ਵੀ ਪਹਿਲਾਂ ਵਾਂਗ ਹੀ ਮਿੱਠਾ ਸੀ, ਪਰ ਹੁਣ ਉਸ ਵਿੱਚ ਇੱਕ ਫ਼ਰਕ ਸੀ। ਉਹ ਹਾਸਾ ਹੁਣ ਪਰਦਾ ਨਹੀਂ ਸੀ, ਉਹ ਸੱਚਾ ਸੀ।

ਇੱਕ ਦਿਨ ਸਕੂਲ ਦੇ ਸਮਾਗਮ ਵਿੱਚ ਸਿਮਰਨ ਨੂੰ ਮੁ

ਫੋਨ ਦੀ ਘੰਟੀ...



ਫੋਨ ਦੀ ਘੰਟੀ ਲਗਾਤਾਰ ਵੱਜ ਰਹੀ ਸੀ, ਫੋਨ ਲਿਵਿੰਗ ਏਰੀਏ ਵਿੱਚ ਪਿਆ ਸੀ.... ਘੰਟੀ ਸੁਣਕੇ ਪ੍ਰੀਤ ਆਪਣੇ ਕਮਰੇ ਵਿੱਚੋਂ ਬਾਹਰ ਆਈ...ਉਸਨੇ ਫੋਨ ਵੱਲ ਦੇਖਿਆ ਤਾਂ ਫੋਨ ਗੁਰਮੁੱਖ ਦਾ ਸੀ। ਪ੍ਰੀਤ ਨੇ ਮੱਥੇ ਉੱਤੇ ਤਿਊੜੀਆਂ ਪਾਉਂਦਿਆਂ ਕਿਹਾ...ਇਸ ਬੰਦੇ ਨੂੰ ਕਿੰਨੀ ਵਾਰ ਕਿਹਾ ਹੈ ਕਿ ਮੈਨੂੰ ਸਵੇਰੇ–ਸ਼ਾਮ ਫੋਨ ਨਾ ਕਰਿਆ ਕਰ ਪਰ ਪਤਾ ਨਹੀਂ ਕਿਉਂ ਮੇਰੇ ਪਿੱਛੇ ਹੀ ਪਿਆ ਰਹਿੰਦਾ ਏ...ਉਸਨੇ ਫੋਨ ਚੁੱਕਣ ਦੀ ਬਜਾਏ ਸਾਈਲੈਂਟ ਕਰਕੇ ਮੇਜ਼ ਉੱਤੇ ਰੱਖ ਦਿੱਤਾ ਅਤੇ ਸੋਫੇ ਉੱਤੇ ਬੈਠ ਗਈ।

ਸੋਫੇ ਉੱਤੇ ਬੈਠੀ ਕਰਮ ਉਸਦੀਆਂ ਸਾਰੀਆਂ ਹਰਕਤਾਂ ਦੇਖ ਰਹੀ ਸੀ, ਉਹ ਬੋਲੀ....ਪ੍ਰੀਤ...ਤੂੰ ਗੁਰਮੁੱਖ ਦਾ ਫੋਨ ਕਿਉਂ ਨਹੀਂ ਚੁੱਕਦੀ...ਆਖ਼ਰ ਉਹ ਤੇਰਾ ਪਤੀ ਹੈ... ਉਹ ਤੈਨੂੰ ਪਿਆਰ ਕਰਦਾ ਹੈ ਤਾਂ ਹੀ ਤੈਨੂੰ ਫੋਨ ਕਰਦਾ...ਪ੍ਰੀਤ ਨੇ ਬੇਪਰਵਾਹੀ ਨਾਲ ਜਵਾਬ ਦਿੱਤਾ...ਭੈਣੇ...ਮੈਂ ਉਸ ਨਾਲ ਗੱਲ ਹੀ ਨਹੀਂ ਕਰਨਾ ਚਾਹੁੰਦੀ ਹਾਂ। ਉਸ ਨਾਲ ਵਿਆਹ ਕਰਵਾਇਆ ਹੈ ਇਸ ਕਰਕੇ ਥੋੜ੍ਹੀ–ਬਹੁਤੀ ਗੱਲ ਕਰ ਲੈਂਨੀ ਹਾਂ। ਜੇ ਮੇਰਾ ਵੱਸ ਚੱਲੇ ਤਾਂ ਮੈਂ ਉਸ ਨਾਲ ਉੱਕਾ ਹੀ ਗੱਲ ਨਾ ਕਰਾਂ।

ਕਰਮ ਨੇ ਸਮਝਾਉਂਦਿਆਂ ਕਿਹਾ...ਚੱਲ...ਦੋ ਚਾਰ ਮਿੰਟ ਗੱਲ ਕਰ ਲਿਆ ਕਰ...ਵਿਚਾਰੇ ਦੀ ਰਾਤ ਸੌਖੀ ਲੰਘ ਜਾਇਆ ਕਰੇਗੀ। ਉਹ ਵੀ ਤਾਂ ਤੇਰਾ ਆਪਣਾ ਹੈ। ਪ੍ਰੀਤ ਨੇ ਘੜੀ ਵੱਲ ਦੇਖਿਆ 'ਤੇ ਕਹਿਣ ਲੱਗੀ...ਕਰਮ...ਹੁਣ ਮੇਰੇ ਕੋਲ ਟਾਈਮ ਨਹੀਂ। ਬਾਹਰ ਜੈਲੀ ਮੈਨੂੰ ਲੈਣ ਆਉਣ ਵਾਲਾ ਹੈ...ਅਸੀਂ ਘੁੰਮਣ ਜਾ ਰਹੇ ਹਾਂ...ਕਰਮ ਨੇ ਹੈਰਾਨੀ ਨਾਲ ਪੁੱਛਿਆ...ਪ੍ਰੀਤ...ਜੈਲੀ ਅੰਕਲ ਵਿੱਚ ਤੂੰ ਅਜਿਹਾ ਕੀ ਦੇਖਿਆ ਹੈ ਜੋ ਉਸ ਨਾਲ ਘੁੰਮਦੀ ਰਹਿੰਦੀ ਏ... ਉਸ ਨਾਲ ਤਾਂ ਫੋਨ ਉੱਤੇ ਹੱਸ–ਹੱਸਕੇ ਗੱਲਾਂ ਕਰਦੀ ਏ 'ਤੇ ਗੁਰਮੁੱਖ ਨਾਲ ਗੱਲ ਕਰਨ ਵੇਲੇ ਤੇਰੇ ਸ਼ਬਦ ਮੁੱਕ ਜਾਂਦੇ ਨੇ।

ਪ੍ਰੀਤ ਹੱਸਦਿਆਂ ਬੋਲੀ...ਕਰਮ...ਜੈਲੀ ਮੇਰਾ ਸ਼ੂਗਰ ਡੈਡੀ ਹੈ, ਉਹ ਮੇਰੇ ਸਾਰੇ ਖ਼ਰਚੇ ਚੁੱਕਦਾ ਹੈ, ਕੈਨੇਡਾ ਵਿੱਚ ਮੈਂ ਉਸ ਕਰਕੇ ਹੀ ਆਪਣੇ ਸਾਰੇ ਸ਼ੌਕ ਪੂਰੇ ਕਰ ਰਹੀ ਹਾਂ...ਮਹਿੰਗੇ ਕੱਪੜੇ, ਬਰੈਂਡਿਡ ਪਰਸ, ਘੁੰਮਣਾ–ਫਿਰਨਾ ਸਭ ਕੁਝ ਮਿਲ ਰਿਹਾ ਹੈ ਜੇ ਤੂੰ ਵੀ ਕੈਨੇਡਾ ਵਿੱਚ ਐਸ਼ ਕਰਨੀ ਹੈ ਤਾਂ ਕੋਈ ਸ਼ੂਗਰ ਡੈਡੀ ਲੱਭ ਲੈ... ਪੈਸੇ ਕਮਾਉਣ ਲਈ ਦਿਨ–ਰਾਤ ਮਿਹਨਤ ਕਰਨ ਨਾਲੋਂ ਇਹ ਰਾਹ ਕਿਹੜਾ ਮਾੜਾ ਹੈ...ਕਰਮ ਦੀ ਮੁਸਕਰਾਹਟ ਗਾਇਬ ਹੋ ਗਈ... ਉਸਨੇ ਕਿਹਾ..ਪ੍ਰੀਤ, ਮੈਂ ਤਾਂ ਇੱਥੇ ਪੜ੍ਹਾਈ ਕਰਨ ਆਈ ਹਾਂ ਨਾ ਕਿ ਸ਼ੂਗਰ ਡੈਡੀ ਬਣਾਉਣ, ਮੇਰੇ ਮਾਪਿਆਂ ਨੇ ਮੇਰੇ ਉੱਤੇ ਵਿਸ਼ਵਾਸ ਕਰਕੇ ਮੈਨੂੰ ਇੱਥੇ ਭੇਜਿਆ ਹੈ... ਉਨ੍ਹਾਂ ਨੇ ਆਪਣੀਆਂ ਲੋੜਾਂ ਮਾਰਕੇ ਮੇਰੀਆਂ ਫੀਸਾਂ ਭਰੀਆਂ ਹਨ... ਮੈਂ ਉਨ੍ਹਾਂ ਦਾ ਵਿਸ਼ਵਾਸ ਨਹੀਂ ਤੋੜ ਸਕਦੀ।

ਪ੍ਰੀਤ ਨੇ ਹੱਸਕੇ ਕਿਹਾ...ਤੇਰੀ ਮਰਜ਼ੀ...ਪਰ ਮੇਰੇ ਕੋਲ ਇਹ ਸਭ ਸੋਚਣ ਦਾ ਸਮਾਂ ਨਹੀਂ, ਮੈਂ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਜਿਉਣਾ ਚਾਹੁੰਨੀ ਆਂ...ਇੰਨੇ ਚਿਰ ਨੂੰ ਡੋਰ ਬੈੱਲ ਵੱਜੀ...ਪ੍ਰੀਤ ਉੱਠੀ...ਸ਼ੀਸ਼ੇ ਸਾਹਮਣੇ ਖੜ੍ਹਕੇ ਆਪਣੇ ਵਾਲ ਠੀਕ ਕੀਤੇ, ਪਰਸ ਮੋਢੇ ਪਾਇਆ ਅਤੇ ਬੂਹੇ ਵੱਲ ਵਧ ਗਈ...ਕਰਮ ਉਸਨੂੰ ਜਾਂਦਿਆਂ ਦੇਖਦੀ ਰਹੀ, ਉਸਦੇ ਦਿਮਾਗ ਵਿੱਚ ਸਵਾਲ ਘੁੰਮ ਰਿਹਾ ਸੀ ਕਿ ਆਖ਼ਰ ਪੈਸਾ, ਮਹਿੰਗੇ ਕੱਪੜੇ ਅਤੇ ਐਸ਼ੋ–ਆਰਾਮ ਕਿਸੇ ਇਨਸਾਨ ਨੂੰ ਐਨਾ ਕਿਵੇਂ ਬਦਲ ਸਕਦਾ ਕਿ ਉਸਨੂੰ ਆਪਣੇ ਰਿਸ਼ਤਿਆਂ ਦੀ ਵੀ ਕਦਰ ਨਾ ਰਹੇ।

ਦੂਜੇ ਪਾਸੇ ਪੰਜਾਬ ਵਿੱਚ ਗੁਰਮੁੱਖ ਆਪਣੇ ਕਮਰੇ ਵਿੱਚ ਬੈਠਾ ਸੀ ਉਸਨੇ ਦੋਬਾਰਾ ਫਿਰ ਪ੍ਰੀਤ ਨੂੰ ਫੋਨ ਕੀਤਾ। ਇਸ ਵਾਰ ਫੋਨ ਬੰਦ ਆਉਣ ਲੱਗ ਪਿਆ। ਗੁਰਮੁੱਖ ਆਪਣੇ ਆਪ ਨੂੰ ਕਹਿਣ ਲੱਗਾ। ਸ਼ਾਇਦ ਬਿਜ਼ੀ ਹੋਵੇਗੀ, ਕੋਈ ਗੱਲ ਨਹੀਂ ਜਦੋਂ ਵਿਹਲੀ ਹੋਈ ਤਾਂ ਆਪੇ ਫੋਨ ਕਰ ਲਵੇਗੀ..ਉਸਨੇ ਫੋਨ ਸਿਰਹਾਣੇ ਰੱਖ ਲਿਆ। ਉਸ ਵੇਲੇ ਉਸਦੀ ਮਾਂ ਕਮਰੇ ਵਿੱਚ ਆਈ...ਪੁੱਤ...ਪ੍ਰੀਤ ਨਾਲ ਗੱਲ ਹੋਈ ਸੀ...ਗੁਰਮੁੱਖ ਨੇ ਕਿਹਾ...ਨਹੀਂ ਬੀਬੀ...ਉਹ ਸ਼ਾਇਦ ਕੰਮ ਉਪਰ ਹੋਵੇਗੀ।

ਦਿਨ ਲੰਘਦੇ ਗਏ...ਪ੍ਰੀਤ ਦਾ ਜੈਲੀ ਨਾਲ ਘੁੰਮਣਾ–ਫਿਰਨਾ ਵਧਦਾ ਗਿਆ, ਜੈਲੀ ਉਸਨੂੰ ਮਹਿੰਗੇ ਤੋਹਫ਼ੇ ਦਿੰਦਾ ਅਤੇ ਪ੍ਰੀਤ ਉਨ੍ਹਾਂ ਤੋਹਫ਼ਿਆਂ ਵਿੱਚ ਆਪਣੀ ਖ਼ੁਸ਼ੀ ਲੱਭਦੀ ਰਹਿੰਦੀ, ਗੁਰਮੁੱਖ ਦਾ ਫੋਨ ਆਉਂਦਾ ਤਾਂ ਉਹ ਕਦੇ ਕਹਿੰਦੀ ਕਿ ਪੜ੍ਹਾਈ ਵਿੱਚ ਰੁੱਝੀ ਹੋਈ ਹੈ, ਕਦੇ ਕਹਿ ਦਿੰਦੀ ਕਿ ਥੱਕ ਗਈ ਹੈ ਅਤੇ ਕਦੇ ਬਿਨਾਂ ਗੱਲ ਕੀਤੇ ਫੋਨ ਕੱਟ ਦਿੰਦੀ...ਗੁਰਮੁੱਖ ਹਰ ਵਾਰ ਆਪਣੇ ਆਪ ਨੂੰ ਸਮਝਾ ਲੈਂਦਾ...ਕੋਈ ਨਾ, ਨਵਾਂ ਦੇਸ਼ ਹੈ...ਪੜ੍ਹਾਈ ਦਾ ਬੋਝ ਹੋਵੇਗਾ... ਹੌਲੀ–ਹੌਲੀ ਸਭ ਠੀਕ ਹੋ ਜਾਵੇਗਾ।

ਇੱਕ ਦਿਨ ਗੁਰਮੁੱਖ ਨੇ ਪ੍ਰੀਤ ਨੂੰ ਪਿਆਰ ਨਾਲ ਪੁੱਛਿਆ..ਪ੍ਰੀਤ, ਤੈਨੂੰ ਮੇਰੀ ਯਾਦ ਨਹੀਂ ਆਉਂਦੀ...ਪ੍ਰੀਤ ਨੇ ਰੁੱਖੇ ਲਹਿਜ਼ੇ ਵਿੱਚ ਕਿਹਾ...ਗੁਰਮੁੱਖ,..ਹਰ ਰੋਜ਼ ਇੱਕੋ ਗੱਲ ਨਾ ਪੁੱਛਿਆ ਕਰ...ਇੱਥੇ ਮੈਨੂੰ ਬਹੁਤ ਕੰਮ ਨੇ...ਮੈਂ ਸਾਰਾ ਦਿਨ ਤੇਰੇ ਨਾਲ ਫੋਨ ਉੱਤੇ ਨਹੀਂ ਬੈਠ ਸਕਦੀ, ਗੁਰਮੁੱਮ ਬੋਲਿਆ...ਮੈਂ ਤੈਨੂੰ...ਸਾਰਾ ਦਿਨ ਫੋਨ ਕਰਨ ਲਈ ਨਹੀਂ ਕਹਿੰਦਾ...ਪ੍ਰੀਤ...ਬਸ ਤੇਰੀ ਅਵਾਜ਼ ਸੁਣਨ ਨੂੰ ਦਿਲ ਕਰਦਾ ਹੈ। ਪ੍ਰੀਤ ਉਸਦੀ ਗੱਲ ਵਿਚਕਾਰ ਹੀ ਕੱਟਕੇ ਬੋਲੀ...ਅੱਛਾ, ਹੁਣ ਮੈਂ ਫੋਨ ਰੱਖਦੀ ਹਾਂ। ਫੋਨ ਕੱਟ ਗਿਆ। ਗੁਰਮੁੱਖ ਹੌਲੇ ਹੌਲੇ ਕਰਦਾ ਰਹਿ ਗਿਆ।

ਇੱਕ ਦਿਨ ਕਰਮ ਨੇ ਪ੍ਰੀਤ ਨੂੰ ਫਿਰ ਸਮਝਾਉਣ ਦੀ ਕੋਸ਼ਿਸ਼ ਕੀਤੀ...ਪ੍ਰੀਤ, ਤੈਨੂੰ ਇੱਕ ਗੱਲ ਪੁੱਛਾਂ... ਜੇ ਕੱਲ੍ਹ ਨੂੰ ਜੈਲੀ ਅੰਕਲ ਤੇਰੇ ਤੋਂ ਮੂੰਹ ਮੋੜ ਲਵੇ। ਫਿਰ ਕੀ ਕਰੇਂਗੀ...ਪ੍ਰੀਤ ਹੱਸ ਪਈ। ਉਹ ਮੈਨੂੰ ਕਿਉਂ ਛੱਡੇਗਾ, ਉਸਨੂੰ ਮੇਰੇ ਨਾਲ ਰਹਿਣਾ ਪਸੰਦ ਹੈ, ਉਹ ਮੇਰੇ ਉੱਤੇ ਪੈਸੇ ਖ਼ਰਚ ਕਰਦਾ ਹੈ, ਮੇਰੀ ਹਰ ਲੋੜ ਪੂਰੀ ਕਰਦਾ ਹੈ। ਕਰਮ ਨੇ ਗੰਭੀਰਤਾ ਨਾਲ ਕਿਹਾ...ਪੈਸੇ ਖ਼ਰਚ ਕਰਨਾ 'ਤੇ ਕਿਸੇ ਦੀ ਜ਼ਿੰਦਗੀ ਦੀ ਜ਼ਿੰਮੇਵਾਰੀ ਲੈਣਾ ਦੋ ਵੱਖਰੀਆਂ ਗੱਲਾਂ ਹਨ, ਜਦੋਂ ਤੱਕ ਉਸਨੂੰ ਤੇਰੇ ਨਾਲ ਰਹਿਣ ਵਿੱਚ ਆਪਣਾ ਫ਼ਾਇਦਾ ਦਿਸਦਾ ਹੈ, ਉਹ ਤੇਰੇ ਨਾਲ ਹੈ ਪਰ ਜੇ ਹਾਲਾਤ ਬਦਲ ਗਏ ਤਾਂ...ਪ੍ਰੀਤ ਨੂੰ ਇਹ ਗੱਲ ਚੁੱਭ ਗਈ.. ਉਹ ਬੋਲੀ...ਤੂੰ ਮੇਰੀ ਖ਼ੁਸ਼ੀ ਤੋਂ ਸੜਦੀ ਹੈਂ, ਤੈਨੂੰ ਮੇਰਾ ਐਸ਼ ਕਰਨਾ ਚੰਗਾ ਨਹੀਂ ਲੱਗਦਾ।

ਕਰਮ ਕਹਿਣ ਲੱਗੀ...ਪ੍ਰੀਤ, ਜੇ ਮੈਂ ਤੇਰੀ ਦੁਸ਼ਮਣ ਹੁੰਦੀ ਤਾਂ ਤੈਨੂੰ ਤੇਰੇ ਹਾਲ ਉੱਤੇ ਛੱਡ ਦਿੰਦੀ... ਮੈਂ ਤੈਨੂੰ ਆਪਣੀ ਭੈਣ ਸਮਝਦੀ ਹਾਂ, ਇਸ ਲਈ ਸਮਝਾਉਂਦੀ ਹਾਂ... ਤੇਰੇ ਮਾਪਿਆਂ ਨੇ ਤੈਨੂੰ ਸੁਫਨੇ ਪੂਰੇ ਕਰਨ ਲਈ ਵਿਦੇਸ਼ ਭੇਜਿਆ ਸੀ, ਸੁਫਨੇ ਤੋੜਨ ਲਈ ਨਹੀਂ... ਤੇਰਾ ਪਤੀ ਅੱਜ ਵੀ ਤੇਰੀ ਉਡੀਕ ਕਰਦਾ ਹੈ। ਤੂੰ ਉਸ ਇਨਸਾਨ ਦੀ ਕਦਰ ਕਰ ਜਿਸਨੇ ਤੇਰੇ ਨਾਲ ਜ਼ਿੰਦਗੀ ਬਿਤਾਉਣ ਦੇ ਸੁਫਨੇ ਦੇਖੇ ਸਨ, ਪ੍ਰੀਤ ਨੇ ਗੁੱਸੇ ਵਿੱਚ ਕਿਹਾ...ਬੱਸ ਕਰ ਕਰਮ... ਮੈਨੂੰ ਆਪਣੇ ਤਰੀਕੇ ਨਾਲ ਜਿਉਣ ਦੇ...ਕਰਮ ਚੁੱਪ ਹੋ ਗਈ। ਉਹ ਸੋਚ ਰਹੀ ਸੀ ਕਈ ਵਾਰ ਇਨਸਾਨ ਨੂੰ ਸਹੀ ਰਸਤਾ ਦਿਖਾਇਆ ਜਾ ਸਕਦਾ ਹੈ ਪਰ ਉਸ ਰਸਤੇ ਉੱਤੇ ਤੁਰਨ ਲਈ ਉਸਨੂੰ ਖ਼ੁਦ ਹੀ ਤਿਆਰ ਹੋਣਾ ਪੈਂਦਾ ਹੈ।

ਇੱਕ ਦਿਨ ਜੈਲੀ ਨੇ ਪ੍ਰੀਤ ਨੂੰ ਫੋਨ ਕਰਕੇ ਕਿਹਾ ਕਿ ਉਹ ਉਸਨੂੰ ਮਿਲਣਾ ਚਾਹੁੰਦਾ ਹੈ...ਪ੍ਰੀਤ ਖ਼ੁਸ਼ੀ–ਖ਼ੁਸ਼ੀ ਤਿਆਰ ਹੋ ਗਈ 'ਤੇ ਜੈਲੀ ਦੇ ਆਉਣ ਦੀ ਉਡੀਕ ਕਰਨ ਲੱਗੀ...ਜਦੋਂ ਉਹ ਆਇਆ ਤਾਂ ਪ੍ਰੀਤ ਕਾਰ ਵਿੱਚ ਬੈਠ ਗਈ ਪਰ ਅੱਜ ਜੈਲੀ ਦੇ ਚਿਹਰੇ ਉੱਤੇ ਪਹਿਲਾਂ ਵਾਲੀ ਮੁਸਕਰਾਹਟ ਨਹੀਂ ਸੀ...ਉਸਨੇ ਕਿਹਾ...ਪ੍ਰੀਤ, ਮੈਂ ਤੈਨੂੰ ਇੱਕ ਗੱਲ ਕਹਿਣ ਲਈ ਆਇਆ ਹਾਂ ਕਿ ਹੁਣ ਮੈਂ ਤੇਰੇ ਉੱਤੇ ਖ਼ਰਚਾ ਨਹੀਂ ਕਰ ਸਕਦਾ, ਮੇਰੀਆਂ ਆਪਣੀਆਂ ਜ਼ਿੰਮੇਵਾਰੀਆਂ ਹਨ...ਅਸੀਂ ਅੱਗੇ ਤੋਂ ਪਹਿਲਾਂ ਵਾਂਗ ਨਹੀਂ ਮਿਲ ਸਕਾਂਗੇ।

ਪ੍ਰੀਤ ਨੂੰ ਝਟਕਾ ਜਿਹਾ ਲੱਗਿਆ... ਉਹ ਬੋਲੀ..ਪਰ ਜੈਲੀ, ਤੁਸੀਂ ਤਾਂ ਕਹਿੰਦੇ ਸੀ ਕਿ ਮੇਰੀ ਹਰ ਲੋੜ ਪੂਰੀ ਕਰੋਂਗੇ... ਤੁਸੀਂ ਹੀ ਤਾਂ ਮੈਨੂੰ ਕਿਹਾ ਸੀ ਕਿ ਮੇਰੇ ਹੁੰਦਿਆਂ ਫ਼ਿਕਰ ਨਾ ਕਰਿਆ ਕਰ...ਜੈਲੀ ਨੇ ਬੇਰੁਖ਼ੀ ਨਾਲ ਜਵਾਬ ਦਿੱਤਾ...ਉਹ ਸਭ ਉਸ ਵੇਲੇ ਦੀਆਂ ਗੱਲਾਂ ਸਨ... ਹੁਣ ਹਾਲਾਤ ਬਦਲ ਗਏ ਹਨ... ਤੂੰ ਸਮਝਣ ਦੀ ਕੋਸ਼ਿਸ਼ ਕਰ...ਪ੍ਰੀਤ ਦੀਆਂ ਅੱਖਾਂ ਵਿੱਚ ਹੰਝੂ ਆ ਗਏ.... ਉਹ ਬੋਲੀ... ਤੁਸੀਂ ਤਾਂ ਮੈਂਨੂੰ ਇੱਕ ਵਸਤੂ ਵਾਂਗ ਵਰਤਕੇ ਛੱਡ ਦਿੱਤਾ...ਜੈਲੀ ਨੇ ਕੋਈ ਜਵਾਬ ਨਾ ਦਿੱਤਾ, ਉਸਨੇ ਪ੍ਰੀਤ ਨੂੰ ਉਸਦੇ ਘਰ ਦੇ ਨੇੜੇ ਉਤਾਰਿਆ ਅਤੇ ਕਾਰ ਲੈਕੇ ਚਲਾ ਗਿਆ।

ਪ੍ਰੀਤ ਸੜਕ ਕਿਨਾਰੇ ਖੜ੍ਹੀ ਉਸਦੀ ਕਾਰ ਨੂੰ ਦੂਰ ਜਾਂਦਿਆਂ ਦੇਖਦੀ ਰਹੀ, ਉਸ ਵੇਲੇ ਉਸਨੂੰ ਮਹਿੰਗੇ ਕੱਪੜੇ, ਪਰਸ ਅਤੇ ਤੋਹਫ਼ੇ ਬੇਮਤਲਬ ਲੱਗਣ ਲੱਗੇ, ਜਿਸ ਆਦਮੀ ਦੀ ਇੱਕ ਮੁਸਕਰਾਹਟ ਲਈ ਉਹ ਆਪਣੇ ਪਤੀ ਦੀਆਂ ਕਾਲਾਂ ਕੱਟ ਦਿੰਦੀ ਸੀ, ਉਸਨੇ ਅੱਜ ਉਸਦੇ ਹੰਝੂਆਂ ਵੱਲ ਦੇਖਣਾ ਵੀ ਜ਼ਰੂਰੀ ਨਹੀਂ ਸਮਝਿਆ, ਘਰ ਆਕੇ ਉਹ ਸਿੱਧੀ ਆਪਣੇ ਕਮਰੇ ਵਿੱਚ ਗਈ, ਉਸਨੇ ਫੋਨ ਓਨ ਕੀਤਾ ਤਾਂ ਗੁਰਮੁੱਖ ਦੀਆਂ ਕਿੰਨੀਆਂ ਹੀ ਮਿਸਡ ਕਾਲਾਂ ਸਨ....ਉਸਨੇ ਗੁਰਮੁੱਖ ਦਾ ਨੰਬਰ ਮਿਲਾਇਆ।

ਦੂਜੇ ਬੰਨ੍ਹਿਓ...ਗੁਰਮੁੱਖ ਦੀ ਅਵਾਜ਼ ਆਈ...ਹੈਲੋ, ਪ੍ਰੀਤ...ਉਸਦੀ ਅਵਾਜ਼ ਸੁਣਦਿਆਂ ਹੀ ਪ੍ਰੀਤ ਦਾ ਰੋਣ ਨਿੱਕਲ ਗਿਆ....ਗੁਰਮੁੱਖ ਘਬਰਾ ਗਿਆ...ਪ੍ਰੀਤ, ਕੀ ਹੋਇਆ...ਤੂੰ ਰੋ ਕਿਉਂ ਰਹੀ ਹੈ। ਸਭ ਠੀਕ ਤਾਂ ਹੈ... ਕਿਸੇ ਨੇ ਕੁਝ ਕਿਹਾ ਤੈਨੂੰ...ਐਨੇ ਸਵਾਲ ਸੁਣਕੇ ਪ੍ਰੀਤ ਹੋਰ ਵੀ ਉੱਚੀ–ਉੱਚੀ ਰੋਣ ਲੱਗ ਪਈ...ਉਹ ਜਿਸ ਆਦਮੀ ਦੀਆਂ ਕਾਲਾਂ ਅਣਸੁਣੀਆਂ ਕਰਦੀ ਆ ਰਹੀ ਸੀ, ਉਹ ਅੱਜ ਵੀ ਉਸਦੇ ਰੋਣ ਦੀ ਅਵਾਜ਼ ਸੁਣਕੇ ਘਬਰਾ ਰਿਹਾ ਸੀ...ਜਿਸਨੂੰ ਉਸਨੇ ਵਾਰ–ਵਾਰ ਠੁਕਰਾਇਆ ਸੀ, ਉਹ ਅਜੇ ਵੀ ਉਸਦੇ ਦੁੱਖ ਤੋਂ ਦੁਖੀ ਹੋ ਰਿਹਾ ਸੀ।

ਪ੍ਰੀਤ ਨੇ ਰੋਂਦਿਆਂ ਕਿਹਾ...ਗੁਰਮੁੱਖ, ਮੈਨੂੰ ਮੁਆਫ਼ ਕਰਦੇ...ਮੈਂ ਤੇਰੇ ਨਾਲ ਬਹੁਤ ਮਾੜਾ ਕੀਤਾ ਹੈ, ਤੂੰ ਮੈਨੂੰ ਪਿਆਰ ਕਰਦਾ ਰਿਹਾ, ਮੇਰੀ ਉਡੀਕ ਕਰਦਾ ਰਿਹਾ 'ਤੇ ਮੈਂ ਤੈਨੂੰ ਹਮੇਸ਼ਾ ਨਜ਼ਰਅੰਦਾਜ਼ ਕਰਦੀ ਰਹੀ... ਮੈਂ ਤੇਰੇ ਪਿਆਰ ਦੀ ਕਦਰ ਨਹੀਂ ਕੀਤੀ, ਮੈਂ ਬਹੁਤ ਵੱਡੀ ਗ਼ਲਤੀ ਕੀਤੀ ਆ... ਗੁਰਮੁੱਖ ਨੇ ਕਿਹਾ...ਪ੍ਰੀਤ, ਤੂੰ ਠੀਕ ਤਾਂ ਹੈ... ਮੈਨੂੰ ਦੱਸ ਕੀ ਹੋਇਆ...ਪ੍ਰੀਤ ਨੇ ਹੰਝੂ ਪੂੰਝਦਿਆਂ ਕਿਹਾ...ਤੂੰ ਮੈਨੂੰ ਇਹ ਨਹੀਂ ਪੁੱਛੇਂਗਾ ਕਿ ਮੈਂ ਐਨੇ ਦਿਨ ਤੇਰੇ ਨਾਲ ਗੱਲ ਕਿਉਂ ਨਹੀਂ ਕੀਤੀ... ਤੂੰ ਮੈਨੂੰ ਇਹ ਨਹੀਂ ਪੁੱਛੇਂਗਾ ਕਿ ਮੈਂ ਤੇਰੇ ਪਿਆਰ ਦੀ ਬੇਕਦਰੀ ਕਿਉਂ ਕੀਤੀ।

ਗੁਰਮੁੱਖ ਨੇ ਕਿਹਾ...ਪ੍ਰੀਤ, ਮੈਂ ਇਹ ਸਵਾਲ ਕਈ ਵਾਰ ਆਪਣੇ ਆਪ ਨੂੰ ਪੁੱਛੇ ਹਨ, ਹਰ ਵਾਰ ਸੋਚਿਆ ਕਿ ਸ਼ਾਇਦ ਮੇਰੇ ਵਿੱਚ ਕੋਈ ਕਮੀ ਹੈ ਸ਼ਾਇਦ ਮੈਂ ਤੈਨੂੰ ਉਹ ਖ਼ੁਸ਼ੀ ਨਹੀਂ ਦੇ ਸਕਿਆ ਜਿਸਦੀ ਤੈਨੂੰ ਲੋੜ ਸੀ ਪਰ ਅੱਜ ਜਦੋਂ ਤੇਰਾ ਫੋਨ ਆਇਆ ਹੈ ਤਾਂ ਮੈਂ ਸਭਤੋਂ ਪਹਿਲਾਂ ਇਹ ਸੋਚਿਆ ਕਿ ਤੂੰ ਕਿਤੇ ਦੁਖੀ ਤਾਂ ਨਹੀਂ। ਇਹ ਸੁਣਕੇ ਪ੍ਰੀਤ ਦਾ ਹਿਰਦਾ ਵਲੂੰਧਰਿਆ ਗਿਆ। ਉਸਨੇ ਕਿਹਾ...ਗੁਰਮੁੱਖ, ਕੀ ਤੂੰ ਮੈਨੂੰ ਇੱਕ ਮੌਕਾ ਦੇ ਸਕਦਾ...ਮੈਂ ਤੇਰੇ ਕੋਲ ਵਾਪਸ ਆਉਣਾ ਚਾਹੁੰਦੀ ਹਾਂ.. ਮੈਂ ਆਪਣੀਆਂ ਗ਼ਲਤੀਆਂ ਸੁਧਾਰਨਾ ਚਾਹੁੰਦੀ ਹਾਂ।

ਗੁਰਮੁੱਖ ਦੀਆਂ ਅੱਖਾਂ ਭਰ ਆਈਆਂ...ਪ੍ਰੀਤ, ਮੈਂ ਅੱਜ ਵੀ ਤੈਨੂੰ ਪਿਆਰ ਕਰਦਾ ਹਾਂ ਪਰ ਮੈਂ ਤੈਨੂੰ ਇੱਕ ਗੱਲ ਜ਼ਰੂਰ ਕਹਾਂਗਾ, ਮੈਂ ਤੈਨੂੰ ਸਿਰਫ਼ ਇਸ ਲਈ ਵਾਪਸ ਨਹੀਂ ਚਾਹੁੰਦਾ ਕਿ ਤੂੰ ਦੁਖੀ ਹੋ ਗਈ ਏ ਮੈਂ ਚਾਹੁੰਦਾ ਹਾਂ ਕਿ ਤੂੰ ਮੇਰੇ ਕੋਲ ਇਸ ਲਈ ਵਾਪਸ ਆਵੇਂ ਕਿਉਂਕਿ ਤੂੰ ਸਾਡੇ ਰਿਸ਼ਤੇ ਦੀ ਕਦਰ ਕਰਨੀ ਸਿੱਖ ਲਈ ਹੈ, ਪ੍ਰੀਤ ਨੇ ਕਿਹਾ...ਮੈਂ ਸਮਝ ਗਈ ਹਾਂ, ਗੁਰਮੁੱਖ...ਮੈਨੂੰ ਹੁਣ ਪਤਾ ਲੱਗਿਆ ਹੈ ਕਿ ਪੈਸੇ ਨਾਲ ਸਹੂਲਤਾਂ ਖ਼ਰੀਦੀਆਂ ਜਾ ਸਕਦੀਆਂ ਹਨ ਪਰ ਕਿਸੇ ਦਾ ਸੱਚਾ ਪਿਆਰ ਨਹੀਂ...ਉਸ ਰਾਤ ਦੋਨਾਂ ਦੀ ਬਹੁਤ ਦੇਰ ਗੱਲ ਹੁੰਦੀ ਰਹੀ, ਪਹਿਲੀ ਵਾਰ ਪ੍ਰੀਤ ਨੇ ਫੋਨ ਕੱਟਣ ਦੀ ਕਾਹਲੀ ਨਹੀਂ ਕੀਤੀ..ਉਸਨੇ ਗੁਰਮੁੱਖ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਉਸਨੂੰ ਅਹਿਸਾਸ ਹੋਇਆ ਕਿ ਉਸਦਾ ਪਤੀ ਕਿੰਨੇ ਸਮੇਂ ਤੋਂ ਇਕੱਲਾ ਆਪਣੀਆਂ ਉਮੀਦਾਂ ਦਾ ਬੋਝ ਚੁੱਕ ਰਿਹਾ ਸੀ।

ਕੁਝ ਮਹੀਨਿਆਂ ਬਾਅਦ ਪ੍ਰੀਤ ਨੇ ਆਪਣੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦੇਣ ਦਾ ਫ਼ੈਸਲਾ ਕੀਤਾ, ਉਸਨੇ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਸ਼ੁਰੂ ਕੀਤਾ, ਆਪਣੇ ਖ਼ਰਚਿਆਂ ਦੀ ਜ਼ਿੰਮੇਵਾਰੀ ਲੈਣੀ ਸਿੱਖੀ ਅਤੇ ਗੁਰਮੁੱਖ ਨਾਲ ਆਪਣੇ ਰਿਸ਼ਤੇ ਬਾਰੇ ਇਮਾਨਦਾਰੀ ਨਾਲ ਗੱਲ ਕਰਨੀ ਸ਼ੁਰੂ ਕੀਤੀ, ਉਸਨੂੰ ਪਤਾ ਸੀ ਕਿ ਸਿਰਫ਼ ਮੁਆਫ਼ੀ ਮੰਗਣ ਨਾਲ ਗੁਰਮੁੱਖ ਦੇ ਦਿਲ ਦੇ ਜ਼ਖ਼ਮ ਨਹੀਂ ਭਰਨੇ, ਇਸ ਲਈ ਉਸਨੇ ਉਸਨੂੰ ਵੱਡੇ–ਵੱਡੇ ਵਾਅਦੇ ਕਰਨ ਦੀ ਬਜਾਏ ਆਪਣੇ ਵਿਵਹਾਰ ਨਾਲ ਇਹ ਦਿਖਾਉਣਾ ਸ਼ੁਰੂ ਕੀਤਾ ਕਿ ਉਹ ਸੱਚਮੁੱਚ ਬਦਲਣਾ

ਪੰਜਵੀਂ ਓਲੰਪਿਕ ਖੇਡਣ ਦਾ ਦ੍ਰਿੜ ਨਿਸ਼ਚਾ ਕਰੀ ਬੈਠਾ ਹੈ 4 ਵਾਰ ਦਾ ਓਲੰਪੀਅਨ ਮਨਪ੍ਰੀਤ ਸਿੰਘ ਮਿੱਠਾਪੁਰ

2028 ਲਾਸ ਏਂਜਲਸ ਓਲੰਪਿਕ ਵਿੱਚ ਭਾਰਤ ਨੂੰ ਸੋਨ ਤਗਮਾ ਦਿਵਾਉਣ ਦਾ ਸੁਪਨਾ ਭਾਰਤੀ ਹਾਕੀ ਦੇ ਇਤਿਹਾਸ ਵਿੱਚ ਨਵਾਂ ਅਧਿਆਏ ਲਿਖਣ ਦੀ ਤਿਆਰੀ

ਜਗਰੂਪ ਸਿੰਘ ਜਰਖੜ

ਭਾਰਤੀ ਹਾਕੀ ਦੇ ਇਤਿਹਾਸ ਵਿੱਚ ਕੁਝ ਖਿਡਾਰੀ ਅਜਿਹੇ ਹੁੰਦੇ ਹਨ, ਜਿਹੜੇ ਆਪਣੀ ਖੇਡ, ਮਿਹਨਤ, ਲਗਨ ਅਤੇ ਸਮਰਪਣ ਨਾਲ ਇੱਕ ਵੱਖਰੀ ਪਛਾਣ ਬਣਾਉਂਦੇ ਹਨ। ਅਜਿਹੇ ਹੀ ਖਿਡਾਰੀਆਂ ਵਿੱਚ ਸ਼ੁਮਾਰ ਹੈ ਪੰਜਾਬ ਦੀ ਧਰਤੀ ਦੇ ਜੰਮਪਲ 4 ਵਾਰ ਦੇ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਮਨਪ੍ਰੀਤ ਸਿੰਘ ਮਿੱਠਾਪੁਰ ਦਾ। 4 ਓਲੰਪਿਕ ਖੇਡਣ ਤੋਂ ਬਾਅਦ ਵੀ ਉਸ ਦੇ ਹੌਸਲੇ ਬੁਲੰਦ ਹਨ ਅਤੇ ਉਸ ਦੀਆਂ ਨਜ਼ਰਾਂ ਹੁਣ 2028 ਵਿੱਚ ਅਮਰੀਕਾ ਦੇ ਲਾਸ ਏਂਜਲਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਉੱਤੇ ਟਿਕੀਆਂ ਹੋਈਆਂ ਹਨ। ਮਨਪ੍ਰੀਤ ਸਿੰਘ ਮਿੱਠਾਪੁਰ ਤੋਂ ਪਹਿਲਾਂ ਸਿਰਫ ਚਾਰ ਖਿਡਾਰੀ ਚਾਰ ਆਰੰਪਕਾ ਖੇਡੇ ਹਨ ਜਿਨਾਂ ਵਿੱਚ ਸਰਦਾਰ ਊਧਮ ਸਿੰਘ ਕੁਲਾਰ ਸੰਸਾਰਪੁਰ , ਲੇਜਲੀ ਕਲੋਡੀਅਸ , ਧੰਨਰਾਜ ਪਿੱਲੇ, ਗੋਲਕੀਪਰਸਰੀ ਪੀ ਆਰ ਸ਼੍ਰੀਜੇਸ਼।

ਮਨਪ੍ਰੀਤ ਸਿੰਘ ਦਾ ਸੁਪਨਾ ਸਿਰਫ਼ ਪੰਜਵੀਂ ਵਾਰ ਓਲੰਪਿਕ ਖੇਡਣ ਤੱਕ ਸੀਮਤ ਨਹੀਂ, ਸਗੋਂ ਉਹ ਭਾਰਤੀ ਹਾਕੀ ਟੀਮ ਨੂੰ ਓਲੰਪਿਕ ਸੋਨ ਤਗਮਾ ਜਿੱਤਦਾ ਦੇਖਣਾ ਚਾਹੁੰਦਾ ਹੈ। ਜੇਕਰ ਉਹ 2028 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਟੀਮ ਦਾ ਹਿੱਸਾ ਬਣਦਾ ਹੈ ਤਾਂ ਪੰਜ ਵਾਰ ਓਲੰਪਿਕ ਖੇਡਣ ਵਾਲਾ ਪਹਿਲਾ ਇੱਕੋ ਇੱਕ ਖਿਡਾਰੀ ਮਨਪ੍ਰੀਤ ਹੋਵੇਗਾ।

ਮਿੱਠਾਪੁਰ ਦੀਆਂ ਗਲੀਆਂ ਤੋਂ ਓਲੰਪਿਕ ਦੇ ਮੈਦਾਨ ਤੱਕ

ਜਲੰਧਰ ਜ਼ਿਲ੍ਹੇ ਦਾ ਪਿੰਡ ਮਿੱਠਾਪੁਰ ਭਾਰਤੀ ਹਾਕੀ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ। ਇਸ ਪਿੰਡ ਨੇ ਭਾਰਤੀ ਹਾਕੀ ਨੂੰ ਕਈ ਅੰਤਰਰਾਸ਼ਟਰੀ ਖਿਡਾਰੀ ਅਤੇ ਮਹਾਨ ਓਲੰਪੀਅਨ ਦਿੱਤੇ ਹਨ। ਇਸੇ ਪਿੰਡ ਦੀ ਮਿੱਟੀ ਵਿੱਚੋਂ ਉੱਠਿਆ ਮਨਪ੍ਰੀਤ ਸਿੰਘ ਬਚਪਨ ਤੋਂ ਹੀ ਹਾਕੀ ਪ੍ਰਤੀ ਸਮਰਪਿਤ ਸੀ।

26 ਜੂਨ 1992 ਨੂੰ ਜਨਮੇ ਮਨਪ੍ਰੀਤ ਨੇ ਆਪਣੀ ਮਿਹਨਤ ਅਤੇ ਖੇਡ ਪ੍ਰਤੀ ਜਨੂੰਨ ਸਦਕਾ 19 ਸਾਲ ਦੀ ਉਮਰ ਵਿੱਚ 2011 ਦੌਰਾਨ ਭਾਰਤੀ ਸੀਨੀਅਰ ਹਾਕੀ ਟੀਮ ਵਿੱਚ ਜਗ੍ਹਾ ਬਣਾਈ। ਉਸ ਨੇ ਮਿਡਫੀਲਡਰ ਵਜੋਂ ਆਪਣੀ ਖੇਡ ਦਾ ਅਜਿਹਾ ਲੋਹਾ ਮਨਵਾਇਆ ਕਿ ਜਲਦੀ ਹੀ ਉਹ ਭਾਰਤੀ ਟੀਮ ਦਾ ਅਹਿਮ ਹਿੱਸਾ ਬਣ ਗਿਆ।

ਉਸ ਦੀ ਖੇਡ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਮੈਦਾਨ ਵਿੱਚ ਤੇਜ਼ੀ ਨਾਲ ਫੈਸਲੇ ਲੈਣਾ, ਵਿਰੋਧੀ ਟੀਮ ਦੇ ਹਮਲਿਆਂ ਨੂੰ ਰੋਕਣਾ, ਸਾਥੀ ਖਿਡਾਰੀਆਂ ਨੂੰ ਗੋਲ ਕਰਨ ਦੇ ਮੌਕੇ ਬਣਾਉਣਾ ਅਤੇ ਮੁਸ਼ਕਲ ਸਮੇਂ ਟੀਮ ਨੂੰ ਸੰਭਾਲਣਾ ਹੈ।

4 ਓਲੰਪਿਕ ਖੇਡਾਂ ਅਤੇ 2 ਇਤਿਹਾਸਕ ਕਾਂਸੀ ਦੇ ਤਗਮੇ

ਮਨਪ੍ਰੀਤ ਸਿੰਘ ਨੇ ਆਪਣੀ ਖੇਡ ਜ਼ਿੰਦਗੀ ਵਿੱਚ ਹੁਣ ਤੱਕ ਚਾਰ ਓਲੰਪਿਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਹੈ।

1. ਲੰਡਨ ਓਲੰਪਿਕ 2012।
2. ਰੀਓ ਡੀ ਜਨੇਰੀਓ ਓਲੰਪਿਕ 2016।
3. ਟੋਕੀਓ ਓਲੰਪਿਕ 2020।
4. ਪੈਰਿਸ ਓਲੰਪਿਕ 2024।

ਟੋਕੀਓ ਓਲੰਪਿਕ 2020 ਮਨਪ੍ਰੀਤ ਦੀ ਜ਼ਿੰਦਗੀ ਦਾ ਸਭ ਤੋਂ ਯਾਦਗਾਰੀ ਪੜਾਅ ਬਣਿਆ, ਜਦੋਂ ਉਸ ਦੀ ਕਪਤਾਨੀ ਹੇਠ ਭਾਰਤੀ ਹਾਕੀ ਟੀਮ ਨੇ 41 ਸਾਲਾਂ ਬਾਅਦ ਓਲੰਪਿਕ ਤਗਮਾ ਜਿੱਤਣ ਦਾ ਮਾਣ ਹਾਸਲ ਕੀਤਾ। ਭਾਰਤ ਨੇ ਜਰਮਨੀ ਨੂੰ 5–4 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ।

ਇਸ ਇਤਿਹਾਸਕ ਜਿੱਤ ਨਾਲ ਭਾਰਤੀ ਹਾਕੀ ਨੇ ਵਿਸ਼ਵ ਪੱਧਰ ਉੱਤੇ ਮੁੜ ਆਪਣੀ ਪਛਾਣ ਮਜ਼ਬੂਤ ਕੀਤੀ।

ਇਸ ਤੋਂ ਬਾਅਦ ਪੈਰਿਸ ਓਲੰਪਿਕ 2024 ਵਿੱਚ ਵੀ ਭਾਰਤੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਜਿੱਤਿਆ। ਇਸ ਤਰ੍ਹਾਂ ਮਨਪ੍ਰੀਤ ਲਗਾਤਾਰ ਦੋ ਓਲੰਪਿਕ ਖੇਡਾਂ ਵਿੱਚ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦਾ ਅਹਿਮ ਹਿੱਸਾ ਰਿਹਾ।

ਟੋਕੀਓ ਓਲੰਪਿਕ ਵਿੱਚ ਭਾਰਤੀ ਦਲ ਦਾ ਝੰਡਾਬਰਦਾਰ ਬਣਨ ਦਾ ਮਾਣ ਵੀ ਮਨਪ੍ਰੀਤ ਨੂੰ ਮਿਲਿਆ, ਜੋ ਉਸ ਦੀ ਖੇਡ ਜ਼ਿੰਦਗੀ ਦਾ ਇੱਕ ਹੋਰ ਵੱਡਾ ਸਨਮਾਨ ਸੀ।

ਏਸ਼ਿਆਈ ਖੇਡਾਂ ਵਿੱਚ 2 ਸੋਨ ਤਗਮੇ

ਮਨਪ੍ਰੀਤ ਸਿੰਘ ਦੀਆਂ ਪ੍ਰਾਪਤੀਆਂ ਸਿਰਫ਼ ਓਲੰਪਿਕ ਤੱਕ ਹੀ ਸੀਮਤ ਨਹੀਂ ਹਨ। ਉਸ ਨੇ ਏਸ਼ਿਆਈ ਖੇਡਾਂ ਵਿੱਚ ਵੀ ਭਾਰਤ ਦਾ ਨਾਂ ਉੱਚਾ ਕੀਤਾ ਹੈ।

2014 ਦੀਆਂ ਇੰਚੀਓਨ ਏਸ਼ਿਆਈ ਖੇਡਾਂ ਵਿੱਚ ਭਾਰਤ ਨੇ ਸੋਨ ਤਗਮਾ ਜਿੱਤਿਆ। ਇਸ ਤੋਂ ਬਾਅਦ 2018 ਦੀਆਂ ਜਕਾਰਤਾ ਸ਼ਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਅਤੇ 2022 ਅਤੇ 2026 ਦੀਆਂ ਏਸ਼ੀਅਨ ਖੇਡਾਂ ਵਿੱਚ ਮੁੜ ਸੋਨ ਤਗਮਾ ਜਿੱਤਿਆ।

ਏਸ਼ਿਆਈ ਚੈਂਪੀਅਨਜ਼ ਟਰਾਫੀ ਵਿੱਚ ਵੀ ਉਸ ਨੇ ਭਾਰਤ ਦੀਆਂ ਕਈ ਜਿੱਤਾਂ ਵਿੱਚ ਅਹਿਮ ਭੂਮਿਕਾ ਨਿਭਾਈ। 2013, 2018, 2023 ਅਤੇ 2024 ਵਿੱਚ ਭਾਰਤ ਦੀਆਂ ਖਿਤਾਬੀ ਜਿੱਤਾਂ ਉਸ ਦੇ ਕਰੀਅਰ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਹਨ।

2014 ਅਤੇ 2022 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਵੱਲੋਂ ਚਾਂਦੀ ਦੇ ਤਗਮੇ ਜਿੱਤਣ ਵਾਲੀ ਟੀਮ ਵਿੱਚ ਵੀ ਮਨਪ੍ਰੀਤ ਸ਼ਾਮਲ ਰਿਹਾ।

ਅੰਤਰਰਾਸ਼ਟਰੀ ਹਾਕੀ ਵਿੱਚ ਨਵਾਂ ਰਿਕਾਰਡ

ਮਨਪ੍ਰੀਤ ਦੀ ਸਭ ਤੋਂ ਵੱਡੀ ਪ੍ਰਾਪਤੀ ਉਸ ਦੀ ਲੰਬੀ ਖੇਡ ਉਮਰ ਅਤੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਹੈ।

17 ਜੂਨ 2026 ਨੂੰ ਹਾਕੀ ਇੰਡੀਆ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ 413 ਅੰਤਰਰਾਸ਼ਟਰੀ ਮੈਚ ਖੇਡ ਕੇ ਭਾਰਤੀ ਪੁਰਸ਼ ਹਾਕੀ ਵਿੱਚ ਸਭ ਤੋਂ ਵੱਧ ਕੌਮਾਂਤਰੀ ਮੈਚ ਖੇਡਣ ਵਾਲਾ ਖਿਡਾਰੀ ਬਣ ਗਿਆ। ਉਸ ਨੇ ਸਾਬਕਾ ਕਪਤਾਨ ਦਿਲੀਪ ਟਿਰਕੀ ਦੇ 412 ਮੈਚਾਂ ਦੇ ਰਿਕਾਰਡ ਨੂੰ ਪਿੱਛੇ ਛੱਡਿਆ।

ਇਹ ਪ੍ਰਾਪਤੀ ਉਸ ਦੀ ਫਿਟਨੈੱਸ, ਅਨੁਸ਼ਾਸਨ, ਖੇਡ ਪ੍ਰਤੀ ਸਮਰਪਣ ਅਤੇ ਲੰਬੇ ਸਮੇਂ ਤੱਕ ਉੱਚ ਪੱਧਰੀ ਪ੍ਰਦਰਸ਼ਨ ਕਰਨ ਦੀ ਸਮਰੱਥਾ ਦਾ ਸਬੂਤ ਹੈ।

ਖੇਡ ਜਗਤ ਦੇ ਵੱਕਾਰੀ ਐਵਾਰਡਾਂ ਨਾਲ ਸਨਮਾਨਿਤ

ਭਾਰਤੀ ਹਾਕੀ ਵਿੱਚ ਪਾਏ ਯੋਗਦਾਨ ਲਈ ਮਨਪ੍ਰੀਤ ਸਿੰਘ ਨੂੰ ਕਈ ਵੱਕਾਰੀ ਸਨਮਾਨ ਮਿਲੇ ਹਨ।

- 2014 ਅਤੇ 2021 ਵਿੱਚ ਹਾਕੀ ਇੰਡੀਆ ਦਾ ਮਿਡਫੀਲਡਰ ਆਫ ਦਿ ਈਅਰ ਐਵਾਰਡ।
- 2018 ਵਿੱਚ ਭਾਰਤ ਸਰਕਾਰ ਵੱਲੋਂ ਅਰਜੁਨ ਐਵਾਰਡ।
- 2019 ਵਿੱਚ ਐਫਆਈਐਚ ਪਲੇਅਰ ਆਫ ਦਿ ਈਅਰ ਐਵਾਰਡ।
- 2019 ਵਿੱਚ ਹਾਕੀ ਇੰਡੀਆ ਦਾ ਬਲਬੀਰ ਸਿੰਘ ਸੀਨੀਅਰ ਪਲੇਅਰ ਆਫ ਦਿ ਈਅਰ ਐਵਾਰਡ।
- 2021 ਵਿੱਚ ਦੇਸ਼ ਦਾ ਵੱਕਾਰੀ ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ।

ਇਹ ਸਨਮਾਨ ਉਸ ਦੀ ਖੇਡ ਪ੍ਰਤਿਭਾ ਅਤੇ ਭਾਰਤੀ ਹਾਕੀ ਵਿੱਚ ਪਾਏ ਯੋਗਦਾਨ ਦੀ ਗਵਾਹੀ ਭਰਦੇ ਹਨ।

ਪੰਜਾਬ ਪੁਲਿਸ ਵਿੱਚ ਐਸ.ਪੀ. ਪਰ ਦਿਲ ਵਿੱਚ ਹਾਕੀ ਦਾ ਜਨੂੰਨ

ਮਨਪ੍ਰੀਤ ਸਿੰਘ ਪੰਜਾਬ ਪੁਲਿਸ ਵਿੱਚ ਐਸ.ਪੀ. ਦੇ ਅਹੁਦੇ ਉੱਤੇ ਸੇਵਾਵਾਂ ਨਿਭਾ ਰਿਹਾ ਹੈ। ਇੱਕ ਜ਼ਿੰਮੇਵਾਰ ਪੁਲਿਸ ਅਧਿਕਾਰੀ ਵਜੋਂ ਆਪਣੀ ਡਿਊਟੀ ਨਿਭਾਉਣ ਦੇ ਨਾਲ–ਨਾਲ ਹਾਕੀ ਉਸ ਦੇ ਜੀਵਨ ਦਾ ਅਟੁੱਟ ਹਿੱਸਾ ਬਣੀ ਹੋਈ ਹੈ।

ਉਸ ਲਈ ਹਾਕੀ ਸਿਰਫ਼ ਇੱਕ ਖੇਡ ਨਹੀਂ, ਸਗੋਂ ਦੇਸ਼ ਦੀ ਨੁਮਾਇੰਦਗੀ ਕਰਨ ਦਾ ਮਾਣ ਅਤੇ ਪੰਜਾਬ ਦੀ ਖੇਡ ਵਿਰਾਸਤ ਨੂੰ ਅੱਗੇ ਵਧਾਉਣ ਦਾ ਜ਼ਰੀਆ ਹੈ।

ਉਮਰ ਦੇ ਇੱਕ ਅਹਿਮ ਪੜਾਅ ਉੱਤੇ ਪਹੁੰਚਣ ਦੇ ਬਾਵਜੂਦ ਉਸ ਦਾ ਪੰਜਵੀਂ ਓਲੰਪਿਕ ਖੇਡਣ ਦਾ ਸੁਪਨਾ ਇਹ ਦਰਸਾਉਂਦਾ ਹੈ ਕਿ ਅਸਲ ਖਿਡਾਰੀ ਕਦੇ ਵੀ ਆਪਣੇ ਟੀਚੇ ਤੋਂ ਪਿੱਛੇ ਨਹੀਂ ਹਟਦਾ।

2028 ਲਾਸ ਏਂਜਲਸ ਓਲੰਪਿਕ ਨਵਾਂ ਇਤਿਹਾਸ ਸਿਰਜਣ ਦੀ ਉਮੀਦ

ਹੁਣ ਮਨਪ੍ਰੀਤ ਸਿੰਘ ਦੀਆਂ ਨਜ਼ਰਾਂ 2028 ਦੀਆਂ ਲਾਸ ਏਂਜਲਸ ਓਲੰਪਿਕ ਖੇਡਾਂ ਉੱਤੇ ਹਨ। ਜੇਕਰ ਉਹ ਆਪਣੀ ਫਿਟਨੈੱਸ, ਖੇਡ ਪ੍ਰਦਰਸ਼ਨ ਅਤੇ ਚੋਣ ਦੇ ਮਾਪਦੰਡਾਂ ਉੱਤੇ ਖਰਾ ਉਤਰਦਾ ਹੈ ਤਾਂ ਪੰਜਵੀਂ ਵਾਰ ਓਲੰਪਿਕ ਖੇਡਣ ਦਾ ਉਸ ਦਾ ਸੁਪਨਾ ਸਾਕਾਰ ਹੋ ਸਕਦਾ ਹੈ।

ਉਸ ਦੀ ਸਭ ਤੋਂ ਵੱਡੀ ਇੱਛਾ ਭਾਰਤ ਨੂੰ ਓਲੰਪਿਕ ਸੋਨ ਤਗਮਾ ਦਿਵਾਉਣ ਦੀ ਹੈ। ਭਾਰਤ ਨੇ ਆਖਰੀ ਵਾਰ 1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿੱਚ ਹਾਕੀ ਦਾ ਸੋਨ ਤਗਮਾ ਜਿੱਤਿਆ ਸੀ। ਉਸ ਤੋਂ ਬਾਅਦ ਦੇਸ਼ ਨੂੰ ਮੁੜ ਇਸ ਇਤਿਹਾਸਕ ਪਲ ਦੀ ਉਡੀਕ ਹੈ।

ਮਨਪ੍ਰੀਤ ਵਰਗੇ ਤਜਰਬੇਕਾਰ ਖਿਡਾਰੀ ਦੀ ਮੌਜੂਦਗੀ ਭਾਰਤੀ ਟੀਮ ਲਈ ਵੱਡੀ ਤਾਕਤ ਸਾਬਤ ਹੋ ਸਕਦੀ ਹੈ। ਉਸ ਦੇ ਤਜਰਬੇ ਤੋਂ ਨੌਜਵਾਨ ਖਿਡਾਰੀਆਂ ਨੂੰ ਵੀ ਬਹੁਤ ਕੁਝ ਸਿੱਖਣ ਦਾ ਮੌਕਾ ਮਿਲ ਸਕਦਾ ਹੈ।

ਧਿਆਨ ਚੰਦ ਵਾਂਗ ਸਦੀਆਂ ਤੱਕ ਯਾਦ ਰਹਿਣ ਦੀ ਇੱਛਾ

ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੇ ਆਪਣੀ ਖੇਡ ਨਾਲ ਵਿਸ਼ਵ ਹਾਕੀ ਵਿੱਚ ਭਾਰਤ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਇਆ ਸੀ। ਮਨਪ੍ਰੀਤ ਸਿੰਘ ਵੀ ਆਪਣੀਆਂ ਪ੍ਰਾਪਤੀਆਂ ਅਤੇ ਭਵਿੱਖ ਦੇ ਟੀਚਿਆਂ ਰਾਹੀਂ ਭਾਰਤੀ ਹਾਕੀ ਦੇ ਇਤਿਹਾਸ ਵਿੱਚ ਇੱਕ ਅਜਿਹੀ ਪਛਾਣ ਬਣਾਉਣਾ ਚਾਹੁੰਦਾ ਹੈ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣ।

4 ਓਲੰਪਿਕ, 2 ਓਲੰਪਿਕ ਕਾਂਸੀ ਦੇ ਤਗਮੇ, 3 ਏਸ਼ਿਆਈ ਖੇਡਾਂ ਦੇ ਸੋਨ ਤਗਮੇ, ਕਈ ਕੌਮਾਂਤਰੀ ਖਿਤਾਬ ਅਤੇ 413 ਅੰਤਰਰਾਸ਼ਟਰੀ ਮੈਚਾਂ ਦਾ ਰਿਕਾਰਡ ਉਸ ਦੀ ਸ਼ਾਨਦਾਰ ਖੇਡ ਯਾਤਰਾ ਦਾ ਹਿੱਸਾ ਹਨ।

ਮਨਪ੍ਰੀਤ ਸਿੰਘ ਮਿੱਠਾਪੁਰ ਦੀ ਕਹਾਣੀ ਸਿਰਫ਼ ਇੱਕ ਹਾਕੀ ਖਿਡਾਰੀ ਦੀ ਕਹਾਣੀ ਨਹੀਂ, ਸਗੋਂ ਸੰਘਰਸ਼, ਅਨੁਸ਼ਾਸਨ, ਹਿੰਮਤ ਅਤੇ ਕਦੇ ਨਾ ਮੁੱਕਣ ਵਾਲੇ ਜਜ਼ਬੇ ਦੀ ਕਹਾਣੀ ਹੈ।

ਜੇਕਰ 2028 ਵਿੱਚ ਉਹ ਪੰਜਵੀਂ ਵਾਰ ਓਲੰਪਿਕ ਦੇ ਮੈਦਾਨ ਵਿੱਚ ਉਤਰਦਾ ਹੈ ਅਤੇ ਭਾਰਤ ਨੂੰ ਸੋਨ ਤਗਮਾ ਜਿੱਤਾਉਣ ਵਿੱਚ ਸਫਲ ਹੁੰਦਾ ਹੈ ਤਾਂ ਇਹ ਉਸ ਦੇ ਨਿੱਜੀ ਕਰੀਅਰ ਦੇ ਨਾਲ–ਨਾਲ ਭਾਰਤੀ ਹਾਕੀ ਲਈ ਵੀ ਇੱਕ ਇਤਿਹਾਸਕ ਪ੍ਰਾਪਤੀ ਹੋਵੇਗੀ।

ਮਿੱਠਾਪੁਰ ਦਾ ਇਹ ਪੁੱਤ ਅਜੇ ਰੁਕਣ ਲਈ ਤਿਆਰ ਨਹੀਂ। ਉਸ ਦੀ ਮੰਜ਼ਿਲ ਅਜੇ ਦੂਰ ਹੈ, ਨਿਸ਼ਚਾ ਦ੍ਰਿੜ ਹੈ ਅਤੇ ਉਸ ਦੀਆਂ ਨਜ਼ਰਾਂ ਭਾਰਤੀ ਹਾਕੀ ਦੇ ਸੁਨਹਿਰੀ ਭਵਿੱਖ ਉੱਤੇ ਟਿਕੀਆਂ ਹੋਈਆਂ ਹਨ।





ਜਗਰੂਪ ਸਿੰਘ ਜਰਖੜ
ਖੇਡ ਲੇਖਕ
ਮੋ.: 98143–00722

ਭਾਰਤ-ਨਿਊਜ਼ੀਲੈਂਡ ਵਿਚਾਲੇ ਖੇਡਿਆ ਜਾਣ ਵਾਲਾ ਤੀਜਾ ਇਕ ਰੋਜ਼ਾ ਮੈਚ ਮੀਂਹ ਕਾਰਨ ਰੱਦ



ਹੈਮਿਲਟਨ : ਮੀਂਹ ਕਾਰਨ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਖੇਡਿਆ ਜਾਣ ਵਾਲਾ ਤੀਜਾ ਵਨਡੇ ਮੈਚ ਰੱਦ ਕਰ ਦਿੱਤਾ ਗਿਆ । ਹੈਮਿਲਟਨ ਵਿੱਚ ਮੰਗਲਵਾਰ ਨੂੰ ਸਿਰਫ਼ ਟਾਸ ਹੀ ਹੋ ਸਕਿਆ। ਮੈਚ ਨੂੰ 40–40 ਓਵਰਾਂ ਦਾ ਕਰਨ ਦਾ ਫ਼ੈਸਲਾ ਲਿਆ ਗਿਆ ਸੀ, ਪਰ ਲਗਾਤਾਰ ਮੀਂਹ ਪੈਣ ਕਾਰਨ ਇੱਕ ਵੀ ਗੇਂਦ ਸੁੱਟੇ ਬਿਨਾਂ ਹੀ ਮੈਚ ਰੱਦ ਕਰਨਾ ਪਿਆ।

ਇਸ ਮੈਚ ਦੇ ਮੀਂਹ ਦੀ ਭੇਟ ਚੜ੍ਹ ਜਾਣ ਨਾਲ ਇਹ ਤੈਅ ਹੋ ਗਿਆ ਹੈ ਕਿ ਭਾਰਤੀ ਟੀਮ ਹੁਣ ਇਹ ਸੀਰੀਜ਼ ਨਹੀਂ ਹਾਰ ਸਕਦੀ। ਪੰਜ ਮੈਚਾਂ ਦੀ ਸੀਰੀਜ਼ ਦੇ ਪਹਿਲੇ ਦੋ ਮੁਕਾਬਲੇ ਭਾਰਤ ਜਿੱਤ ਚੁੱਕਾ ਹੈ। ਹੁਣ ਜੇਕਰ ਨਿਊਜ਼ੀਲੈਂਡ ਆਖ਼ਰੀ ਦੋਵੇਂ ਮੈਚ ਜਿੱਤ ਵੀ ਲੈਂਦਾ ਹੈ ਤਾਂ ਵੀ ਸੀਰੀਜ਼ ਬਰਾਬਰੀ 'ਤੇ ਹੀ ਖ਼ਤਮ ਹੋਵੇਗੀ। ਵਨਡੇ ਕ੍ਰਿਕਟ ਵਿੱਚ ਮੀਂਹ ਸਮੇਤ ਹੋਰ ਕਾਰਨਾਂ ਕਰਕੇ ਸਭ ਤੋਂ ਵੱਧ ਮੈਚ ਰੱਦ ਹੋਣ ਦਾ ਵਿਸ਼ਵ ਰਿਕਾਰਡ ਭਾਰਤ ਅਤੇ ਨਿਊਜ਼ੀਲੈਂਡ ਦੇ ਨਾਂ ਦਰਜ ਹੈ । ਭਾਰਤ ਨੇ ਹੁਣ ਤੱਕ 1,086 ਵਨਡੇ ਮੈਚ ਖੇਡੇ ਹਨ, ਜਿਨ੍ਹਾਂ ਵਿੱਚੋਂ 44 ਰੱਦ ਹੋਏ ਹਨ। ਇਸੇ ਤਰ੍ਹਾਂ ਨਿਊਜ਼ੀਲੈਂਡ ਦੇ 860 ਵਨਡੇ ਮੈਚਾਂ ਵਿੱਚੋਂ 44 ਮੈਚ ਰੱਦ ਹੋ ਚੁੱਕੇ ਹਨ।

ਨਿਊਜ਼ੀਲੈਂਡ ਟੂਰ 'ਤੇ ਸੰਜੈ ਕਰੇਗਾ ਭਾਰਤੀ ਹਾਕੀ ਟੀਮ ਦੀ ਅਗਵਾਈ

ਓਲੰਪਿਕ ਕਾਂਸੀ ਤਗ਼ਮਾ ਜੇਤੂ ਸੰਜੈ 15 ਤੋਂ 23 ਨਵੰਬਰ ਤੱਕ ਨਿਊਜ਼ੀਲੈਂਡ ਦੇ ਤਿੰਨ ਮੈਚਾਂ ਦੇ ਦੌਰੇ 'ਤੇ ਨੌਜਵਾਨ ਭਾਰਤੀ ਪੁਰਸ਼ ਹਾਕੀ ਟੀਮ ਦੀ ਅਗਵਾਈ ਕਰੇਗਾ। ਇਹ ਦੌਰਾ ਦੋਵਾਂ ਦੇਸ਼ਾਂ ਵਿਚਕਾਰ ਖੇਡ ਸਬੰਧਾਂ ਦੇ 100 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਹੈ। ਭਾਰਤੀ ਟੀਮ 19, 21 ਤੇ 22 ਨਵੰਬਰ ਨੂੰ ਆਕਲੈਂਡ ਦੇ ਲੌਇਡ ਐਲਸਮੋਰ ਹਾਕੀ ਸਟੇਡੀਅਮ ਵਿੱਚ ਮੇਜ਼ਬਾਨ ਟੀਮ ਨਾਲ ਮੁਕਾਬਲਾ ਕਰੇਗੀ।ਇਹ ਦੌਰਾ 1926 ਵਿੱਚ ਭਾਰਤੀ ਫੌਜ ਦੀ ਹਾਕੀ ਟੀਮ ਦੇ ਇਤਿਹਾਸਕ ਦੌਰੇ ਦੀ ਯਾਦ ਦਿਵਾਉਂਦਾ ਹੈ, ਜਿਸ ਵਿੱਚ ਮਹਾਨ ਮੇਜਰ ਧਿਆਨ ਚੰਦ ਵੀ ਸ਼ਾਮਲ ਸੀ। ਇਹ ਟੀਮ ਨਿਊਜ਼ੀਲੈਂਡ ਦਾ ਦੌਰਾ ਕਰਨ ਵਾਲੀ ਕਿਸੇ ਵੀ ਖੇਡ ਦੀ ਪਹਿਲੀ ਭਾਰਤੀ ਟੀਮ ਬਣੀ ਸੀ। ਹਾਕੀ ਇੰਡੀਆ ਵੱਲੋਂ ਸੋਮਵਾਰ ਨੂੰ ਐਲਾਨੀ ਗਈ 20 ਮੈਂਬਰੀ ਟੀਮ ਵਿੱਚ ਉੱਭਰ ਰਹੇ ਅੰਡਰ–21 ਖਿਡਾਰੀਆਂ ਅਤੇ ਮੌਜੂਦਾ ਇੰਡੀਆ 'ਏ' ਕੋਰ ਦੇ ਮੈਂਬਰਾਂ ਦਾ ਸੁਮੇਲ ਸ਼ਾਮਲ ਹੈ, ਜੋ ਨੌਜਵਾਨ ਪ੍ਰਤਿਭਾਵਾਂ ਨੂੰ ਕੌਮਾਂਤਰੀ ਤਜਰਬਾ ਹਾਸਲ ਕਰਨ ਦਾ ਮੌਕਾ ਮੁਹੱਈਆ ਕਰੇਗਾ।

ਮੁੱਖ ਕੋਚ ਕਰੈਗ ਫੁਲਟਨ ਨੇ ਕਿਹਾ ਕਿ ਇਹ ਮੈਚ ਸਹਾਇਕ ਸਟਾਫ ਨੂੰ ਘਰੇਲੂ ਹਾਲਾਤ ਵਿੱਚ ਮਜ਼ਬੂਤ ਵਿਰੋਧੀ ਵਿਰੁੱਧ ਉੱਭਰ ਰਹੇ ਖਿਡਾਰੀਆਂ ਦਾ ਮੁਲਾਂਕਣ ਕਰਨ ਵਿੱਚ ਵੀ ਮਦਦ ਕਰਨਗੇ। ਫੁਲਟਨ ਨੇ ਕਿਹਾ, ''ਇਹ ਟੀਮ ਕੁਝ ਆਉਣ ਵਾਲੇ ਅੰਡਰ–21 ਖਿਡਾਰੀਆਂ ਅਤੇ ਮੌਜੂਦਾ ਇੰਡ